

JANUARY/FEBRUARY 1978 WATNO DUR 60c

NEW ADDRESS: P.O. BOX 67681 STN. "O" VANCOUVER, B.C. V5W 3V2

# NOW—A LIFE INSURANCE POLICY THAT GUARANTEES EVERY CENT OF YOUR MONEY BACK

**anytime you ask — after premiums have been paid and the policy has been in force for two years.**

TO SAVE MORE INCOME TAX FOR 1977

THROUGH R.R.S.P. - CALL US BEFORE MARCH 1st, 1978



BAKHSHISH S. DHILLON
B.A. B.T.
Sales Representative
Res. 873-3194

**For further information please feel free to call any one of us without obligation:**

*We also provide various other forms of insurance, such as:*

- Investment plans
- Mortgage Insurance
- Children's Educational Plans
- Accident & Sickness policy
- Registered Retirement Savings plans
- Travel insurance
- Annuity Plans, etc., etc.



RUPINDER AZAD M.A.
Unit Supervisor
Res. 430-1924
438-9146

## SEABOARD LIFE INSURANCE COMPANY

202 - 4640 No. 3 rd. Richmond, B.C.
Office 273-2961

---

# BAINS

## INTERNATIONAL TRAVEL SERVICE

***We are appointed agents for all major airlines such as British Airways, Air India, Air Canada, Air France, Swiss Air, Pan American, TWA, Japan Airlines, CP Air, Northwest Orient, KLM, Lufthansa, Quantas, SAS — List is endless.***

**ENQUIRE FOR OTHER SPECIAL FARES: AFFINITY GROUPS, EXCURSIONS, CHARTERS — LONDON, HONG KONG, SINGAPORE, FIJI OR ANY OTHER PART OF THE WORLD.**

**REMEMBER ... ONE CALL DOES IT ALL!!!**

***By Being IATA member we can issue your ticket for any airline while you wait.***

## 3 LOCATIONS TO SERVE YOU

**6364 FRASER STREET,**
**VANCOUVER, B.C.**
**TEL: 324-2277**

**CAPILANO MALL**
**935 MARINE DRIVE**
**NORTH VANCOUVER, B.C.**
**TEL: 980-0351**

**1710 DOUGLAS STREET**
**VICTORIA, B.C.**
**TEL: 386-6363**

## BOMBAY GROCERY STORE

3950 MAIN STREET, VANCOUVER
874-3711

We are open 7 days a week
from 9:30 a.m. to 10 p.m.

*Special Discount for Weddings, Akhand Paths and other bulk orders!*



## Bombay Curry Restaurant

*Licensed Premises*

3934 MAIN STREET, (23rd Ave.)
VANCOUVER

874-5722

Opens Mon. to Fri. 11:00 a.m. to 10:30 p.m.
Sat. and Sun. 10:00 a.m. to 10:00 p.m.

*Special Arrangements for Wedding Parties and other occasions!*

*A DIVISION OF*

# SHUKLA ENTERPRISES LTD.

**Res. Phone: 874-4501**

***WATNO DUR IS ALSO AVAILABLE HERE!***

---

**FOR**

**LIFE INSURANCE**

**EDUCATION PLAN**

**MORTGAGE PLAN**

**Retirement registered Saving Plan and all other kinds of insurance**

**Contact**

# DALJIT SANDHU

ਤੇ

## National Life of Canada

**Suite. 501, 1155—West Pender Street**
**Vancouver, B.C. Phone: 685-7231**

ਹਰ ਕਿਸਮ ਦੇ ਬੀਮੇ ਲਈ ਤੁਹਾਡੇ ਸੁਘੜ
ਅਤੇ ਤਜਰਬੇਕਾਰ ਸਹਾਇਕ :-

## ਦਲਜੀਤ ਸੰਧੂ



OFFICE:
685-7231

RESIDENCE:
278-0491

# Autoplan

# 1978 Insurance and Licence

ਆਪਣੀ ਕਾਰ ਦਾ ਇਸ਼ੋਰੈਂਸ
ਕਰਵਾਉਣ ਲਈ ਮਿਲੋਂ
ਜਾਂ ਫ਼ੋਨ ਕਰੋ।

ਤੇਜਾ ਸਿੰਘ ਧਾਲੀਵਾਲ
ਨੂੰ

585-1596



**FOR YOUR**

**— 1978 —**

**CAR INSURANCE**

PLEASE CONTACT

**TEJA S. DHALIWAL**

AT

Res. 585-1596
Office: 874-4241


**CONVENIENT HOURS:**
Monday to Friday 8 a.m. to 9 p.m.
Saturday 8:30 a.m. to 5 p.m.
Open Sunday Feb. 19-26 from 8:30 a.m.

*Your Neighbourhood Agent*

## GIFFIN INSURANCE AGENCIES LTD.

## 28th & FRASER

#205-4381 FRASER
PHONE




**OFFICE: 874-4241**

**RES: 585-1596**

**WATNO DUR**
P.O. Box 67681
Postal Stn. 'O'
Vancouver, B.C.
V5W 3V2

Vol. 6, No. 55 JANUARY/FEBRUARY 1978
2nd Class Mail Reg. No. 3233
ANNUAL SUBSCRIPTION: Canada-U.S.A. $ 7.00
Other SEA $ 7.00
Countries AIR $10.00

EDITORIAL BOARD:
Surinder Dhanjal, 256-1067
Ajmer Rodey, 438-7793
Amarjit Chahal, 892-3085

MANAGING EDITORS:
Raghbir Mand, 325-9564
Paul Binning, 879-3339

EDITOR:
Sadhu, 437-9014

ADVERTISING EDITORS:
Rupinder Azad M.A., 430-1924 - 438-9146
Karamjit Ghuman, 324-0147

WATNO DUR REPRESENTATIVES:
Iqbal Ramuwalia, Toronto (741-7538)
Sarwan Boal, Montreal (679-8132)
Latt Bhinder, Edmonton (462-6431)
Gurcharan Tallewalia, Richmond (271-4742)
K. S. Chaman, Calgary (248-2841)
Avtar Gill, Calgary (279-6510)
Dave Jatana, Fort Nelson (774-2219)
Harnek Mann, Pr. George (564-6245)
G. S. Bains, Williams Lake (392-3698)
J. S. Aulakh, Mission (826-4888)
Avtar Rodey, Quesnel (992-7578)
Tej Sandhu, Quesnel (992-6775)
Jasbir Chahal, Victoria (385-4996)

*All officeholders and members of WATNO DUR PUBLICATIONS (Reg'd.) past and present have been and are honorary associates of WATNO DUR.*

## ਇਸ ਅੰਕ ਵਿਚ

ਐਡੀਟੋਰੀਅਲ 6
ਕਵਿਤਾ
ਸੁਰਿੰਦਰ ਧੰਜਲ 7
ਕੇਸਰ ਸਿੰਘ ਨਾਵਲਿਸਟ 7
ਉੱਜਲ ਦੋਸਾਂਝ 7
ਸੁੱਖਵੰਤ ਹੁੰਦਲ 8
ਹਰਭਜਨ ਸਿੰਘ ਚੇਤਾ 8
ਦਰਸ਼ਨ ਗਿੱਲ 8
ਹਰਿੰਦਰ ਕੌਰ 8
ਮਹਿੰਦਰ ਸਿੰਘ ਦੋਸਾਂਝ 9
ਸੁਰਜੀਤ ਬਰਾੜ 10
ਸ਼ਿੰਦਰ ਉਧੰਪੁਰ 10
ਠਾਕਰ ਭਾਰਤੀ 10
ਹਰਦੇਵ ਸਿੰਘ ਕਲਸੀ 11
ਕਹਾਣੀਆਂ
ਰਘਬੀਰ ਮਾਂਡ 18
ਅਮਰਜੀਤ ਚਾਹਲ 19
ਰਾਮ ਸਰੂਪ ਅਣਖੀ 22
ਸਥਾਈ ਕਾਲਮ
ਇੰਝ ਵੀ ਹੁੰਦਾ ਹੈ 18
—ਕਰਮਜੀਤ ਘੁਮਾਣ
ਦਰਪਣ 16
ਲੇਖ
ਟੈਲੀਵਿਜਨ ਕਮਰਸ਼ਲ 12
— ਸਰਵਣ ਬੋਲ
ਕਮਿਊਨਿਟੀ ਮਸਲੇ 20
— ਉੱਜਲ ਦੋਸਾਂਝ
ਰੀਪੋਰਟ
ਜਰਨੈਲ ਸਿੰਘ 25
ਸ਼ਮਸ਼ੇਰ ਭੱਟੀ 26

ਵਤਨੋਂ ਦੂਰ ਵਿਚ ਛਪੀਆਂ ਰਚਨਾਵਾਂ ਨਾਲ
ਵਤਨੋਂ ਦੂਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
ਵਿਚਾਰ ਲੇਖਕਾਂ ਦੇ ਆਪਣੇ ਨਿੱਜੀ ਹਨ।

ਮੁੱਖ ਚਿੱਤਰ
—ਸ਼ਮਸ਼ੇਰ ਸੰਧੂ

# ਐਡੀਟੋਰੀਅਲ

ਪਿਛਲੇ ਦੌਰੇ ਵਿਚ ਵਤਨੋਂ ਦੂਰ ਨੇ ਆਪਣੀ ਮੰਜ਼ਿਲ ਦੇ ਰਾਹ ਆਈਆਂ ਕਈ ਰੋਕਾਂ ਟੱਪੀਆਂ ਹਨ ਅਤੇ ਅਣਗਿਣਤ ਨਵੇਂ ਪਾਠਕਾਂ ਅਤੇ ਲੇਖਕਾਂ ਦੇ ਮਨਾਂ 'ਚ ਆਪਣੀ ਥਾਂ ਬਣਾਈ ਹੈ। ਭਾਰਤੀ ਲੇਖਕਾਂ ਦੀਆਂ ਰਚਨਾਵਾਂ ਕੈਨੇਡੀਅਨ ਪੰਜਾਬੀਆਂ ਤੱਕ ਤੇ ਕੈਨੇਡੀਅਨ ਲੇਖਕਾਂ ਦੀਆਂ ਰਚਨਾਵਾਂ ਭਾਰਤੀਆਂ ਤੱਕ ਪਹੁੰਚਾ ਕੇ ਸਾਹਿੱਤਕ ਤੇ ਸਭਿਆਚਾਰਕ ਰਿਸ਼ਤਿਆਂ ਨੂੰ ਹੋਰ ਵੀ ਗੂੜ੍ਹਾ ਕੀਤਾ ਹੈ। ਲੇਖਕਾਂ ਤੇ ਪਾਠਕਾਂ ਵਲੋਂ ਆਏ ਅਨੇਕਾਂ ਖ਼ਤ ਇਸ ਕਾਮਯਾਬੀ ਦੀ ਮੂੰਹੋਂ ਬੋਲਦੀ ਤਸਵੀਰ ਹਨ। 1977 ਦਾ ਵਰ੍ਹਾ 'ਵਤਨੋਂ ਦੂਰ' ਲਈ ਹਰ ਪੱਖੋਂ ਇਕ ਕਾਮਯਾਬ ਵਰ੍ਹਾ ਸੀ।

ਇਹ ਸ਼ਾਇਦ ਇਸੇ ਕਾਮਯਾਬੀ ਦੀ ਵਜ੍ਹਾ ਕਰਕੇ ਹੀ ਨਵਾਂ ਸਾਲ ਚੜ੍ਹਨ ਤੋਂ ਕੁੱਝ ਦਿਨ ਪਹਿਲਾਂ ਵਤਨੋਂ ਦੂਰ ਨੂੰ ਇਕ ਐਸੀ ਉਲਝਣ ਦਾ ਸਾਹਮਣਾ ਕਰਨਾ ਪਿਆ ਜਿਸ ਦੀ ਕਿ ਕਿਸੇ ਨੂੰ ਵੀ ਆਸ ਨਹੀਂ ਸੀ। ਪਰ ਖੁਸ਼ੀ ਦੀ ਗੱਲ ਇਹ ਹੈ ਕਿ ਇਸ ਉਲਝਣ ਵਿਚੋਂ ਵੀ ਵਤਨੋਂ ਦੂਰ ਜੇਤੂ ਹੋ ਨਿਕਲਿਆ ਅਤੇ ਨਵੇਂ ਉਤਸ਼ਾਹ ਤੇ ਆਸ਼ਿਆਂ ਨਾਲ ਤੁਹਾਡੇ ਉਡੀਕਦੇ ਹੱਥਾਂ ਵੱਲ ਵਧਿਆ ਹੈ। ਤੁਸੀਂ ਵੀ ਉਸੇ ਉਤਸ਼ਾਹ ਨਾਲ ਵਤਨੋਂ ਦੂਰ ਨੂੰ ਸਹਿਯੋਗ ਦੇਵੋਗੇ ਇਸ ਦਾ ਸਾਨੂੰ ਪੂਰਨ ਭਰੋਸਾ ਹੈ।

ਕੀਤੇ ਵਾਇਦੇ ਅਨੁਸਾਰ ਜਨਵਰੀ 1978 ਦਾ 'ਵਤਨੋਂ ਦੂਰ' 'ਕੈਨੇਡੀਅਨ ਪੰਜਾਬੀ ਕਹਾਣੀ ਅੰਕ' ਹੋਣਾ ਚਾਹੀਦਾ ਸੀ। ਪਰ ਕੁੱਝ ਅੰਦਰੂਨੀ ਕਾਰਨਾਂ ਕਰਕੇ ਅਸੀਂ ਪਾਠਕਾਂ ਨਾਲ ਕੀਤਾ ਵਾਇਦਾ ਪੂਰਾ ਨਹੀਂ ਕਰ ਸਕੇ। ਜਿੰਨੀ ਵੀ ਜਲਦੀ ਅਸੀਂ ਇਸ ਯੋਗ ਹੋਏ ਤੁਹਾਡਾ ਕਹਾਣੀ ਅੰਕ ਤੁਹਾਡੇ ਕੋਲ ਪਹੁੰਚਾਵਾਂਗੇ।

* ਵਤਨੋਂ ਦੂਰ ਕਾਫਲੇ ਵਿਚ ਕੁੱਝ ਨਵੇਂ ਰਾਹੀ ਵੀ ਰਲੇ ਹਨ। ਕਹਾਣੀਕਾਰ ਅਵਤਾਰ ਗਿੱਲ ਜਿਹਨਾਂ ਦੀਆਂ ਕਈਆਂ ਕਹਾਣੀਆਂ ਵਤਨੋਂ ਦੂਰ ਵਿਚ ਵੀ ਛੱਪ ਚੁੱਕੀਆਂ ਹਨ, ਕੈਲਗਰੀ ਵਿਚ ਕਸ਼ਮੀਰਾ ਸਿੰਘ ਚਮਨ ਹੋਰਾਂ ਦੇ ਨਾਲ ਮਿਲ ਕੇ 'ਵਤਨੋਂ ਦੂਰ' ਵਿਚ ਆਪਣਾ ਹਿਸਾ ਪਾਉਣਗੇ। ਤੇਜ ਸੰਧੂ ਜਿਹਨਾਂ ਨੇ ਅਜੇ ਕਹਾਣੀ ਲਿਖਣੀ ਸ਼ੁਰੂ ਹੀ ਕੀਤੀ ਹੈ ਪਰ ਜਿਹਨਾਂ ਵਿਚ ਇਸ ਪਾਸੇ ਵੱਲ ਅਥਾਹ ਜੋਸ਼ ਹੈ, ਉਹ ਵੀ ਅਵਤਾਰ ਹੋਰੀਂ ਨਾਲ ਮਿਲ ਕੇ ਕੁਨੈਲ ਵਿਚੋਂ ਸਾਡਾ ਸਹਿਯੋਗ ਦੇਣਗੇ।

* ਵੈਨਕੂਵਰ ਵਿਚ 1971 ਤੋਂ ਸਭਿਆਚਾਰਕ ਖੇਤਰ ਵਿਚ ਕੰਮ ਕਰਦੀ ਆ ਰਹੀ 'ਪੰਜਾਬ ਕਲਚਰਲ ਐਸੋਸੀਏਸ਼ਨ'– ਨਾਂ ਦੀ ਇਕ ਸੰਸਥਾ ਹੈ ਜਿਹਨੇ ਪੰਜਾਬ ਦੇ ਲੋਕ ਨਾਚ ਭੰਗੜੇ ਨੂੰ ਵੈਨਕੂਵਰ ਦੇ ਆਲੇ ਦੁਆਲੇ ਦੇ ਛੋਟੇ ਛੋਟੇ ਸ਼ਹਿਰਾਂ ਤੇ ਜੋੜ ਮੇਲਿਆਂ ਤੋਂ ਲੈ ਕੇ ਸਪੋਕੇਨ (ਅਮਰੀਕਾ ਦੇ ਵਿਸ਼ਵ ਮੇਲੇ ਉੱਤੇ) ਅਤੇ ਮੌਂਟਰੀਆਲ ਵਿਚ ਹੋਈਆਂ ਓਲੰਪਿਕ ਤੇ ਅਨੇਕਾਂ ਹੋਰ ਥਾਵਾਂ ਤੇ ਗੈਰ-ਪੰਜਾਬੀਆਂ ਵਿਚ ਮਸ਼ਹੂਰ ਕੀਤਾ ਹੈ। ਇਸ ਐਸੋਸੀਏਸ਼ਨ ਦੇ ਦੋ ਮੋਢੀ ਮੈਂਬਰ ਰਘਬੀਰ ਮੰਡ ਤੇ ਪਾਲ ਬਿਲਿੰਗ ਹੋਰਾਂ ਨੇ ਵੀ 'ਵਤਨੋਂ ਦੂਰ' ਨੂੰ ਆਪਣਾ ਸਹਿਯੋਗ ਦੇਣਾ ਮੰਨ ਲਿਆ ਹੈ। ਸਾਨੂੰ ਉਮੀਦ ਹੈ ਕਿ ਇਹ 'ਵਤਨੋਂ ਦੂਰ' ਨਾਲ ਮਿਲ ਕੇ ਆਪਣੇ ਸਾਹਿਤਕ ਪੱਖ ਨੂੰ ਵੀ ਉਜਾਗਰ ਕਰਨਗੇ।

– ਸਾਧੂ

## ਅਵਿੱਦਿਆ

**ਸੁਰਿੰਦਰ ਧੰਜਲ**

ਗਲੀਆਂ 'ਚ ਮੰਗਦੇ ਫਿਰਦੇ ਨੇ 'ਪ੍ਰੇਮੀ ਦੇ ਨਿਆਣੇ'
ਸੁਫ਼ਨੇ 'ਚ ਬੇਪਰਦ ਚੀਕਦੀ ਹੈ 'ਬਾਗੀ ਦੀ ਧੀ'
ਭੁੱਖ ਨੂੰ ਪਨਾਹ ਨਹੀਂ ਦਿੰਦੇ
'ਗੰਗਾ ਤੇ ਸਿੰਧ ਦੇ ਮੈਦਾਨ' ਜਾਂ 'ਦੱਖਣ ਦੀ ਪਠਾਰ'
ਹੜ੍ਹਾਂ 'ਚ ਰੁੜ੍ਹ ਗਏ ਨੇ 'ਆਰਕੀਮੀਡੀਜ਼ ਦੇ ਸਿਧਾਂਤ'
ਬੇਇਲਾਜ ਅੰਨੀ ਹੋ ਗਈ ਹੈ 'ਗੈਲੀਲੀਓ ਦੀ ਦੂਰਬੀਨ'
ਸਿਰ ਦੇ 'ਇਤਿਹਾਸ' 'ਚ ਸਾਰਾ ਦਿਨ ਹੁੰਦੇ ਨੇ ਮਹਾਂ-ਯੁੱਧ
ਫੁੱਟਪਾਥੀ-ਮੌਤ ਦਾ ਤਾਪਮਾਨ ਦੱਸਣੋਂ ਪਹਿਲਾਂ
ਸੜਕਾਂ ਤੇ ਖਿਲਰਿਆ ਹੈ ਫਟੇ ਥਰਮਾਮੀਟਰ ਦਾ ਪਾਰਾ
'ਡੱਡੂ' ਤੇ 'ਖਰਗੋਸ਼' ਦੀ ਚੀਰ-ਫਾੜ
ਚੀਰਦੀ ਹੈ ਦਿਮਾਗ਼ ਨੂੰ ਅੱਠੇ ਪਹਿਰ
'ਸਿਹਤ ਵਿਗਿਆਨ' ਤੋਂ ਦੱਸ ਨਹੀਂ ਹੁੰਦੇ
ਪਾਚਨ-ਪਰਣਾਲੀ ਦੇ ਨੁਕਸ
'ਅਰਸਤੂ' ਤੇ 'ਪਲੈਟੋ' ਸਾਰਟੀਫਿਕੇਟਾਂ ਤੇ ਛਿੜਕਦੇ ਨੇ
ਆਪਣੇ 'ਸੁਕਰਾਤ' ਨੂੰ ਮਿਲੀ 'ਫਸਟ ਡਵੀਜ਼ਨ'
ਬੇਰੋਜ਼ਗਾਰੀ ਦੀ ਸੁਹਾਗ-ਸੇਜ ਤੇ ਕਰਵੱਟਾਂ ਬਦਲਦਾ ਹੈ
ਕੱਲ ਦਾ ਜੀਵਨ-ਸਿਰਜਕ
ਜ਼ਿਹਨ'ਚ ਬਚਦਾ ਹੈ 'ਨਿਊਟਨ ਦਾ ਤੀਜਾ ਗਤੀ-ਸਿਧਾਂਤ' :
'ਹਰ ਕ੍ਰਿਆ ਦੇ ਉਲਟ ਬਰਾਬਰ ਦੀ ਹੁੰਦੀ ਹੈ ਪ੍ਰਤੀ ਕ੍ਰਿਆ।'

## ਧਰਤੀ ਦੇ ਅਸੀਂ ਪੁੱਤ

**ਕੇਸਰ ਸਿੰਘ ਨਾਵਲਿਸਟ**

ਧਰਤੀ ਦੇ ਅਸੀਂ ਪੁੱਤ
ਧਰਤੀ ਚੁੰਘੀਏ
ਹਲ ਵਾਹੀਏ
ਬੀਂ ਪਾਈਏ
ਪਾਣੀ ਲਾਈਏ
ਕਰੀਏ ਗੋਡੀਆਂ
ਫਿਰ ਵਢੀਏ
ਫਿਰ ਗਾਹੀਏ
ਢੋਲੇ ਗਾਈਏ
ਭਰੀਏ ਝੋਲੀਆਂ
ਰਜ ਖਾਈਏ
ਰਜ ਖੁਆਈਏ
ਨਾ ਥਕੀਏ ਵੰਡਦੇ
ਧਰਤੀ ਦੇ ਅਸੀਂ ਪੁੱਤ
ਧਰਤੀ ਚੁੰਘੀਏ।
ਮਾਂ-ਧਰਤੀ ਦੀ ਛਾਤੀ
ਡੂੰਘੀ ਪੁਟੀਏ
ਲਭੀਏ ਲੋਹਾ
ਲਭੀਏ ਸੋਨਾ
ਲਭੀਏ ਪਿਤਲ ਚਾਂਦੀ
ਹੋਰ ਅਨੇਕਾਂ ਧਾਤਾਂ ਲਭੀਏ
ਧਰਤੀ ਦੇ ਅਸੀਂ ਪੁੱਤ
ਧਰਤੀ ਚੁੰਘੀਏ।
ਅਸੀਂ ਪੜ੍ਹੀਏ
ਅਸੀਂ ਪੜ੍ਹਾਈਏ
ਵਡੇ ਵਡੇ ਇਤਿਹਾਸਾਂ ਵਿਚੋਂ
ਅਸਥਲ ਸ਼ਾਹ ਸਮੁੰਦਰਾਂ ਵਿਚੋਂ
ਚੁਣ-ਚੁਣ ਮੋਤੀ ਲਿਆਈਏ
ਹੀਰੇ, ਸਬਜ਼ੇ, ਮਣੀਆਂ ਦੀ
ਅਸੀਂ ਮਾਲਾ ਇਕ ਬਣਾਈਏ
ਧਰਤੀ ਦੇ ਅਸੀਂ ਪੁੱਤ
ਧਰਤੀ ਚੁੰਘੀਏ।
ਫਿਰ ਕੌਣ ਹੈ, ਉਹ ਕੌਣ
ਬੰਬ ਬਣਾਉਂਦਾ ?
ਫਿਰ ਕੌਣ ਹੈ, ਉਹ ਕੌਣ
ਰੌਲਾ ਪਾਉਂਦਾ—
"ਮੈਂ ਹਾਂ ਮਾਲਕ
ਮੈਂ ਹਾਂ ਮਾਲਕ
ਤੁਸੀਂ ਸਭ ਗ਼ੁਲਾਮ ਹੋ।"

# ਤੁਸੀਂ ਬਾਜ਼ ਆ ਜਾਓ

(ਹਿੰਦੁਸਤਾਨੀ ਸਾਹਿਤਕਾਰਾਂ ਦੇ ਨਾਂ)

**ਉੱਜਲ ਦੋਸਾਂਝ**

ਜੇ ਨਾਨਕ, ਈਸਾ, ਗੌਤਮ, ਗਾਂਧੀ
ਮੁਹੰਮਦ ਤੇ ਕ੍ਰਿਸ਼ਨ ਦੀ ਕਰੇ ਪੂਜਾ
ਜੋੜੇ ਮਸ਼ੀਨੀ ਯੁੱਗ ਦੇ ਜੋੜੇ
ਲਿਖੇ ਲਿੰਗ – ਇਸ਼ਕ ਦੇ ਨਗਮੇਂ।
ਘੜੇ ਗਮਗੀਨ ਨਿਰਾਸ਼ਾਵਾਦੀ
ਤੇ "ਭੂਤੀਆਂ" ਕਵਿਤਾਵਾਂ
ਮਿਲਦਾ ਉਨ੍ਹਾਂ ਨੂੰ ਇਹਨਾਂ ਸੇਵਾਵਾਂ ਲਈ
"ਸਾਹਿਤ ਅਕਾਦਮੀ" ਪੁਰਸਕਾਰ
ਪਰ ਜੇ
ਭੁੱਖ ਨਾਲ ਮਰ ਗਈ ਮੇਰੀ
ਲੱਕ – ਤੋੜਵੇਂ ਕੰਮ ਨਾਲ
ਖੁੱਦੇ ਹੋਏ ਰੁਲਦੂ ਦੇ
ਪਾਟੇ ਕਪੜੀਂ ਨੰਗੀ ਪੈਰੀਂ
ਅੱਤ ਤਿਹਾਏ ਸੁਕ – ਪਿੰਜਰ
ਕਫਨ ਦੇ ਵੱਢ ਵਿਚ
ਲੰਬੜ ਦੀ ਮੱਛ ਚਾਰਦੇ
ਇਕ ਛੋਟੇ ਸਤ ਸਾਲਾ ਬੀਰੂ ਦੀ ਗੱਲ ਛੋੜੋ
ਤੇ ਲੱਖਾਂ ਬੀਰੂਆਂ ਤੇ ਰੁਲਦੂਆਂ
ਦੇ ਹੱਕਾਂ ਦੀ ਆਵਾਜ਼ ਬਣੋਗੇ
ਤਾਂ ਹਾਜ਼ਰ ਹੈ ਉਸ ਲਈ
ਇੰਟੈਰੋਗੇਸ਼ਨ ਸੈਂਟਰ ਦਾ ਦਰ
ਇਹ ਗਣਤੰਤਰੀ ਸਚਾਈ
ਲਫਜ਼ਾਂ ਦੇ ਰੰਗਾਂ ਵਿਚ ਲੁਕਾਈ ਨਹੀਂ ਜਾ ਸਕਦੀ
ਕਈ ਦਾ ਇਸ ਤੋਂ
ਪਰੇ ਦੀ ਕੋਈ ਜਾਣਾ
ਇਕ ਬੁਜ਼ਦਿਲੀ ਹੈ।

# ਕਵਿਤਾ

## ਸੁਖਵੰਤ ਸਿੰਘ ਹੁੰਦਲ

ਬਹੁਤ ਸਮੇਂ ਤੋਂ ਕੰਢੇ ਖੜੇ
ਪਾਰ ਲੰਘਣਾ ਸੋਚ ਰਹੇ ਹਾਂ
ਪਹਿਲਾਂ ਪਹਿਲ ਤਰਨਾ ਨਾ ਆਉਣ ਦੀ ਸੋਚ
ਕਾਫੀ ਦੇਰ ਰੁਕੇ ਰਹੇ।

ਫੇਰ ਜਦ ਪਾਣੀ 'ਚ ਵੜਿਆਂ ਬਿਨਾਂ,
ਤਰਨਾ ਨਾ ਆਉਣ ਦੀ ਸੋਚ
ਅਗਾਂਹ ਤੁਰੇ। ਤਾਂ ਕੁੱਝ ਲੋਕਾਂ
(ਜੋ ਨਹੀਂ ਸੀ ਚਾਹੁੰਦੇ ਸਾਡਾ ਪਾਰ ਲੰਘਣਾ)
ਦਰਿਆ ਦੀ ਗਹਿਰਾਈ ਤੇ ਚੌੜਾਈ
ਨੂੰ ਵਧਾ ਕੇ ਦੱਸਿਆ
ਤੇ ਫੇਰ ਆਪੇ ਹੀ ਬੇੜੀ ਤੇ ਚੱਪੂ
ਦੇਣ ਦਾ ਵਾਅਦਾ ਕੀਤਾ
ਅਸੀਂ ਫੇਰ ਰੁੱਕ ਗਏ।

ਪਰ ਹੁਣ ਕਿੰਨੇ ਹੀ ਸਮੇਂ ਪਿਛੋਂ
ਉਨ੍ਹਾਂ ਆਪਣਾ ਵਾਅਦਾ ਤੋੜ
ਸਾਨੂੰ ਬੇੜੀ ਬਿਨਾਂ ਅੰਗਹੀਣ ਦੱਸ
ਕਹਿ-ਕਹੇ ਮਾਰੇ
ਹੁਣ ਆਰ ਜਾਂ ਪਾਰ ਜਾਣ ਦਾ
ਸਾਡਾ ਫੈਸਲਾ ਪੱਕਾ ਹੈ
ਤਾਂ ਕਿ ਉਹ ਜਾਣ ਲੈਣ
ਅਸੀਂ ਬੇੜੀਆਂ ਦੇ ਮੁਥਾਜ ਨਹੀਂ।

▲

# ਫਿਰ ਵੀ ਮੈਂ ਕਿਉਂ ਹਾਂ ਜੀਂਦਾ

## ਹਰਭਜਨ ਸਿੰਘ ਚੇੜਾ

ਮੈਂ ਪਿਆਰ 'ਚ ਝਲਾ ਹੋਇਆ,
ਇਸ ਵਿਚ ਹੀ ਸਭ ਕੁਝ ਖੋਹਿਆ।
ਮੈਂ ਬਿਰਹਾ ਦੇ ਵਿਚ ਸਲਿਆ,
ਇਹ ਦੁਖ ਨਾ ਜਾਏ ਝਲਿਆ।
ਮੇਰਾ ਅੰਗ ਅੰਗ ਪੀੜ-ਪਰੋਤਾ,
ਮੇਰਾ ਜੀਵਨ ਹੰਝੂਆਂ ਧੋਤਾ।
ਮੇਰੇ ਗਲ ਗਲ ਹੌਕੇ ਚੜ੍ਹ ਗਏ,
ਮੇਰੇ ਚਾ ਕੰਵਾਰੇ ਸੜ ਗਏ।
ਮੇਰੀ ਰੀਝਾਂ ਨੂੰ ਕੋਈ ਮੁੱਛੇ,
ਮੈਥੋਂ ਆਪਣੇ ਵੀ ਅਜ ਰੁਸੇ।
ਅਜ ਕਿਹਨੂੰ ਪੀੜ ਸੁਣਾਵਾਂ,
ਮੈਂ ਰੁਸਿਉਂ ਕਿੰਜ ਮਨਾਵਾਂ।
ਮੇਰਾ ਜੀਵਨ ਇਕ ਹਨੇਰਾ,
ਮੈਥੋਂ ਖੋਹਿਆ ਕਿਸੇ ਸਵੇਰਾ।
ਮੈਨੂੰ ਜੱਗ ਪਿਆ ਝਲਾ ਆਖੇ,
ਮੇਰੇ ਅੰਦਰ ਨਾ ਕੋਈ ਝਾਕੇ।
ਮੈਂ ਦਰ ਦਰ ਠੋਕਰ ਖਾਵਾਂ,
ਲੈ ਸਿਸਕੀਆਂ ਦਿਲ ਪਰਚਾਵਾਂ।
ਨਾ ਤਰਸ ਕਿਸੇ ਵੀ ਕੀਤਾ,
ਮੇਰੀ ਰੱਤ ਨੂੰ ਸਭ ਨੇ ਪੀਤਾ।
ਮੈਂ ਜਿਸ ਨੂੰ ਵੀ ਅਪਨਾਇਆ,
ਉਸ ਪਿਆਰ ਮੇਰਾ ਠੁਕਰਾਇਆ।
ਮੇਰੀ ਰੀਝ ਵੀ ਰਹੀ ਕੰਵਾਰੀ,
ਨਾ ਕਿਸੇ ਉਲਝੀ ਜ਼ੁਲਫ ਸੰਵਾਰੀ।
ਮੈਂ ਜੱਗ ਤੋਂ ਕੁਝ ਨਾ ਮੰਗਾਂ,
ਮਨ ਪਿਆਰ ਦੇ ਰੰਗ ਵਿਚ ਰੰਗਾਂ।
ਮੈਂ ਪਿਆਰ ਦਾ ਹਾਂ ਪੁਜਾਰੀ,
ਹੈ ਖ਼ਾਕ ਵੀ ਇਸ ਦੀ ਪਿਆਰੀ।
ਪਰ ਪਿਆਰ ਮੈਥੋਂ ਕਿਉਂ ਦੂਰ,
ਇਹ ਜੱਗ ਦਾ ਕੀ ਦਸਤੂਰ।
ਮੇਰਾ ਬਚਪਨ ਪਿਆਰੋਂ ਸਖਣਾ,
ਮੇਰਾ ਜੀਵਨ ਲੁਟਿਆ ਝੱਖੜਾਂ।
ਮੇਰੀ ਰਹੀ ਜਵਾਨੀ ਸੱਖਣੀ,
ਨਾ ਅਲ੍ਹੜ ਮਿਲੀ ਕੋਈ ਤਕਣੀ।
ਜਿਸ ਉਤੇ ਹੱਕ ਸੀ ਮੇਰਾ,
ਉਹ ਵੀ ਸੀ ਇਕ ਹਨੇਰਾ।
ਉਸ ਖ਼ੂਨ ਜਿਗਰ ਦਾ ਖੋਹਿਆ,
ਮੈਂ ਝਲਾ ਹੋ ਹੋ ਰੋਇਆ।
ਮੇਰਾ ਜੀਵਨ ਸੁੰਨਾ ਜਾਪੇ,
ਮੈਂ ਦਿਲ ਪਰਚਾਵਾਂ ਆਪੇ।
ਮੈਥੋਂ ਜੁਦਾ ਮੇਰਾ ਅਜ ਸਾਇਆ,
ਮੈਂ ਰੋਗ ਅਜਿਹਾ ਲਾਇਆ।
ਮੈਨੂੰ ਜੱਗ ਪਿਆ ਵਢ ਵਢ ਖਾਵੇ,
ਮੇਰੇ ਮਨ ਨੂੰ ਨਾ ਕੁਝ ਭਾਵੇ।
ਮੇਰੇ ਲੂੰ ਲੂੰ ਪੀੜ ਸਮਾ ਗਈ,
ਫਿਰ ਵੀ ਮੈਂ ਕਿਉਂ ਹਾਂ ਜੀਂਦਾ,
ਦੁਖ ਬਿਰਹਾ ਦੇ ਕਿਉਂ ਪੀਂਦਾ।
ਇਸ ਲਈ ਕਿ ਪਿਆਰ ਅਧੂਰਾ,
ਹੈ ਨਿਸਚਾ ਕਰੂ ਕੋਈ ਪੂਰਾ।

▲

# ਲੰਮੀ ਵਾਟ

## ਦਰਸ਼ਨ ਗਿੱਲ

ਸੋਚਦਾ ਹਾਂ, ਕਿੰਨੀ ਲੰਮੀ ਵਾਟ ਹੈ !
ਹੋੜਦਾ ਹਾਂ ਆਪਣੇ ਆਪ ਨੂੰ,
ਕਾਲਖ਼ ਨਾਲ ਜੂਝਣਾ,
ਮੂਰਖਤਾ ਹੈ !
ਜਦ ਵੇਖਦਾ ਹਾਂ ਵਕਤ ਨੂੰ,
ਜੀਅ ਕਰਦੇ,
ਖ਼ੁਦਕਸ਼ੀ ਨੂੰ ਚੁੰਮ ਲਵਾਂ !
ਜਦ ਮਨ ਦੀ ਹੋਂਦ,
ਮੁਸਕਰਾਉਂਦੀ ਹੈ—
ਤਾਂ ਫਿਰ ਸੋਚਦਾ ਹਾਂ,
ਖ਼ੁਦਕਸ਼ੀ ਕੋਈ ਹੱਲ ਨਹੀਂ !
ਦਿਲ ਹੈ, ਮੂਰਖ ਹੈ,
ਬੜਾ ਕੁਝ ਕਲਪਦਾ ਹੈ,
ਪਰ ਕਲਪਨਾ ਸਭ ਕੁਝ ਨਹੀਂ ?

▲

# ਕੁਦਰਤ

## ਹਰਮਿੰਦਰ ਕੌਰ, ਕਿਚਨਰ

ਕੁੱਦਰਤ ਦੇ ਕਮਾਲ ਕੀ ਆਖਾਂ,
ਹਰ ਜ਼ਰੇ ਚ' ਸੰਸਾਰ ਵਸਾਇਆ ਹੈ।

ਅਸਮਾਨ ਦੀ ਹੋਂਦ ਸੀ ਸੁੰਨੀ,
ਚੰਦ ਤਾਰਿਆਂ ਦੀ ਬਰਾਤ ਲੈ ਆਇਆ ਹੈ

ਰਾਤ ਦੀ ਚੁੱਪ ਦੇ ਜ਼ਖਮ ਅੱਲੇ,
ਰੋਸ਼ਨੀ ਨੇ ਆ ਸਹਿਲਾਇਆ ਹੈ।

ਬਾਗਾਂ ਚ' ਛਾਇਆ ਸੀ ਸੰਨਾਟਾ,
ਠੰਡੀਆਂ ਹਵਾਵਾਂ ਨੇ ਰਾਗ ਸੁਣਾਇਆ ਹੈ।

ਧਰਤੀ ਦੀ ਹਿੱਕ ਸੀ ਵਿਹੂਨੀ,
ਪਰਛਾਵਿਆਂ ਨੇ ਆ ਸਜਾਇਆ ਹੈ।

# ਤੂੰ ਮੈਂ ਤੇ ਉਹ

ਮਹਿੰਦਰ ਸਿੰਘ 'ਦੋਸਾਂਝ'

ਜੋ ਤੇਰੇ ਨਾਲ ਮੈਂ ਕੀਤਾ,
ਤੂੰ ਉਸਦੀ ਦਾਦ ਦਿੱਤੀ ਹੈ।
ਜੋ ਮੇਰੇ ਨਾਲ ਤੂੰ ਕੀਤਾ,
ਕਿਉਂ ਚਾਹਾਂ ਮੈਂ ਉਹ ਕਰਕੇ ਦਿਖਾਵਾਂ ਤੈਨੂੰ,
ਮੈਂ ਜਦ ਕਿ ਸਮਝਦਾ ਹਾਂ ਆਪਣੀ ਜ਼ਿੰਦਗੀ ਦਾ
ਅੰਗ ਤੈਨੂੰ।
ਚਲੋ ਇੰਞ ਹੀ ਇਹ ਹੋਣਾ ਸੀ।
ਜਿਹੜੇ ਲੋਕੀ 'ਹਨੇਰਾ' ਆਖਦੇ ਤੈਨੂੰ,
ਮੈਂ ਉਹਨਾਂ ਵਿਚ ਸ਼ਾਮਿਲ ਹਾਂ,
ਮੈਂ ਕਦੋਂ ਚਾਹੁੰਦਾ ਹਾਂ
ਕਿ ਤੇਰੇ ਕੋਲ ਪੋਹ ਦੀ ਸੱਜਰੀ ਧੁੱਪ ਨਾਲ
ਧੋਤੇ ਵਲਵਲੇ ਵੀ ਨੇ,
ਤੇ ਉਸ ਪਹਿਲੀ ਦੇ ਅੱਥਰੇ ਹੌਸਲੇ ਵਰਗਾ
ਤੇਰੇ ਕੋਲ ਹੌਸਲਾ ਵੀ ਹੈ,
ਜੋ ਆਪਣੇ ਖੰਭ ਸੜਾ ਕੇ ਭੁੱਜਿਆਂ ਲਈ ਨੂਰ ਕਰਦਾ ਹੈ,
ਤੇ ਪਿੱਛੋਂ ਆਪਣੇ ਘਰ ਦਾ ਹਨੇਰਾ ਦੂਰ ਕਰਦਾ ਹੈ।
ਬੜਾ ਅਫ਼ਸੋਸ ਹੈ ਮੈਨੂੰ,
ਮੈਂ ਸਭ ਕੁਝ ਜਾਣਦਾ ਹਾਂ,
ਤੇ ਤੇਰੇ ਮਨ 'ਚ ਧੁੱਖਦੀ ਪੀੜ ਨੂੰ ਪਹਿਚਾਣਦਾ ਹਾਂ,
ਤੇਰੇ ਨਾਲ ਪਿਆਰ ਹੈ ਮੈਨੂੰ,
ਹੈ ਪਰ ਗੀਤਾ ਨੇ ਮੈਨੂੰ ਦੱਸਿਆ
ਕਿ- "ਪਿਆਰ ਨੂੰ ਕਰਤੱਵ ਨਾਲ ਕਟਣਾ ਜ਼ਰੂਰੀ ਹੈ।"
ਕੇਹਾ ਇਤਫ਼ਾਕ ਹੈ
ਕਿ ਰਿਸ਼ਤਿਆਂ ਤੋਂ ਮੰਗਿਆ ਸੀ ਜੋ,
ਨਹੀਂ ਮਿਲਿਆ।
ਚਲੋ ਇੰਞ ਹੀ ਇਹ ਹੋਣਾ ਸੀ।

ਤੂੰ ਮੇਰੇ ਨਾਲ ਇਕ ਆਪਣਾ ਹੀ ਰਿਸ਼ਤਾ
ਸਮਝਦਾ ਰਿਹਾ ਏਂ,
ਮੈਂ ਤੇਰੇ ਨਾਲ ਇਕ ਆਪਣਾ ਹੀ ਰਿਸ਼ਤਾ
ਸਮਝਦਾ ਰਿਹਾ ਹਾਂ,
ਜੋ ਉਸ ਤੋਂ ਖ਼ੂਬਸੂਰਤ ਹੈ,
ਤੇ ਐਨੀ ਚੀਜ਼ ਜੇ ਤੋੜੇ ਵੀ ਤਾਂ ਸੌਖੀ ਨਹੀਂ ਟੁੱਟਦੀ।
ਜੇ ਮੇਰਾ ਪਿਆਰ ਤੇਰੀ ਅੱਥਰੀ
ਹਉਮੈਂ 'ਚ ਮਰ ਸਕਦਾ
ਤਾਂ ਤੇਰੀ ਦੁਸ਼ਮਣੀ 'ਤੇ ਮੇਰੇ ਰਿਸ਼ਤੇ ਨੂੰ
ਕਿਹਾ ਕਾਰਨ ?
ਤੇ ਹੁਣ ਆਪਾਂ ਵਿਚਾਲੇ
ਦੁਸ਼ਮਣੀ ਤੇ ਪਿਆਰ ਇਕ ਦੂਜੇ ਦਾ
ਰੱਬ ਬਣ ਕੇ ਤੁਰੇ ਨੇ,
ਤਾਂ ਲੋਕਾਂ ਨੂੰ ਹੈਰਾਨੀ ਹੈ,
ਕਿ- 'ਇਹ ਸਭ ਕਿਸ ਤਰ੍ਹਾਂ ਹੋਇਆ ?'
ਚਲੋ ਇੰਞ ਹੀ ਇਹ ਹੋਣਾ ਸੀ।

ਦੂਰ.. ਤੱਕ ਖਿਲਰੀ ਹੈ ਜ਼ਿੰਦਗੀ ਰੇਤ ਦੇ ਵਾਂਗੂੰ,
ਹੱਥਾਂ ਬਹੁਤ ਚਲੀਆਂ ਨੇ,
ਤੇਰੇ ਪਰ ਪੈਰ ਕਿਉਂ ਇਸ ਰੇਤ ਤੋਂ
ਮਿਟਦੇ ਨਹੀਂ ਲਗਦੇ,
ਤੂੰ ਖੜਸੁੱਕ ਬਿਰਛ ਵਾਂਗੂ ਬਹਿ ਜਾਏਂ
ਇਹ ਮੈਂ ਨਹੀਂ ਚਾਹੁੰਦਾ,
ਮੈਂ ਚਾਹੁੰਦਾ ਹਾਂ, ਤੇਰੇ ਨਾਲੋਂ ਜੋ ਰਿਹਾ ਨਹੀਂ,
ਪੁਰਾਣੇ ਪੱਤਿਆਂ ਦੇ ਵਾਂਗ ਝੜ ਜਾਏ,
ਤੇ ਨਵੀਆਂ ਖ਼ੂਬਸੂਰਤ ਪੱਤੀਆਂ ਵਰਗੇ
ਤੇਰੇ ਨੈਣਾਂ 'ਚ ਵੀ ਮੌਲਣ ਨਵੇਂ ਸੁਫ਼ਨੇ।
ਮੈਂ ਤੇਰੇ ਵਾਸਤੇ ਏਸੇ ਲਈ
ਪੱਤਝੜ ਦੇ ਮੌਸਮ ਵਾਂਗ ਆਇਆ ਹਾਂ,
ਤਾਂ ਤੂੰ ਉਸਦੀ ਤਰ੍ਹਾਂ ਮਹਿਸੂਸ ਕੀਤਾ ਹੈ
ਚਲੋ ਇੰਞ ਹੀ ਇਹ ਹੋਣਾ ਸੀ।

ਅਚਾਨਕ ਗੱਲ ਚਲੀ ਹੈ,
ਤਾਂ ਹੁਣ ਉਸਦੀ ਵੀ ਗੱਲ ਕਰੀਏ!
ਜੇ ਤੂੰ ਫੁੱਲ ਏਂ,
ਤਾਂ ਤੇਰੀ ਵਾਸ਼ਨਾ ਹੈ ਉਹ।
ਜੇ ਉਹ ਵੀਣਾ ਹੈ,
ਤੂੰ ਸੰਗੀਤ ਹੈਂ ਉਸਦਾ।
ਤੁਸੀਂ ਇਕ ਦੂਸਰੇ ਬਾਝੋਂ ਅਧੂਰੇ ਓ
ਤੇ ਮੇਰੇ ਮਨ 'ਚ ਇਕੋ ਰੀਝ ਰਹੀ ਹੈ,
ਤੁਸੀਂ ਜਦ ਆਖ ਰਹੇ ਹੋਵੋ, ਕਿ-
"ਇਹ ਰਸਤਾ ਬੜਾ ਔਖੜ ਜਿਹਾ
ਭਾਗਾ ਲਿਖਿਆ ਹੈ।"
ਮੈਂ ਉਸ ਵੇਲੇ ਹੀ ਰਾਹ ਬਣ ਕੇ,
ਤੁਹਾਨੂੰ ਇਕ ਦੂਜੇ ਤੀਕ ਲੈ ਜਾਵਾਂ।
ਤੁਸੀਂ ਫੁੱਲਾਂ ਦੇ ਵਾਂਗਰ ਖਿੜ ਰਹੇ ਹੋਵੋ,
ਤੁਹਾਡੇ ਵਾਸਤੇ ਮੈਂ ਕੰਡਿਆਂ ਦੀ
ਵਾੜ ਬਣ ਜਾਵਾਂ,
ਜੋ ਖਤਰੇ ਰੋਕਦੀ ਹੈ,
ਰੋਕਦੀ ਨਹੀਂ ਮਿੱਠੀਆਂ ਧੁੱਪਾਂ
ਨਾ ਰੋਕੇ ਠੰਢੀਆਂ ਛਾਵਾਂ।
ਤੁਹਾਡੀ ਖ਼ੁਸ਼ੀ 'ਚੋਂ ਜੇ ਗ਼ਾਇਬ ਹੋ ਜਾਵਾਂ
ਤਾਂ ਇਸ ਦਾ ਦੁੱਖ ਨਹੀਂ ਮੈਨੂੰ,
ਤੁਹਾਡੇ ਗ਼ਮ ਵਿਚ ਜੇ ਹਾਜ਼ਰ ਨਾ ਹੋਵਾਂ
ਤਾਂ ਆਪਣੇ ਹੰਝੂਆਂ ਨਾਲ ਰੋਜ਼ ਇਹ
ਆਪਣਾ ਗੁਨਾਹ ਧੋਵਾਂ।
ਮੇਰੇ ਮਨ ਦੇ ਪਵਿੱਤਰ ਨਿੱਖਰੇ
ਪਾਣੀ 'ਚ ਜੇ ਕੋਈ ਝਾਤ ਨਾ ਆਵੇ
ਤਾਂ ਕੀ ਹੋਇਆ!
ਚਲੋ ਇੰਞ ਹੀ ਇਹ ਹੋਣਾ ਸੀ।

## ਸੱਚ ਵਰਗਾ ਝੂਠ

ਸੁਰਜੀਤ ਧਗਾੜ

ਇਨਕਲਾਬੀ + ਚੋਰ + ਬਲੈਕੀਏ + ਸੱਮਗਲਰ +
ਲੀਡਰ + ਡਾਕੂ + ਭ੍ਰਿਸ਼ਟ ਅਫ਼ਸਰ + ਵੱਢੀਖੋਰ +
ਜਮਾਂਖੋਰ + ਬਦਮਾਸ਼ = ਅਰਾਜਕਤਾ
( ਸਰਕਾਰ ਦੇ ਕਾਨੂੰਨਾਂ ਅਨੁਸਾਰ,
ਆਪਾਂ ਵੀ ਮਨ ਲਉ -)
ਪਿਛਲੇ ਦਹਾਕੇ ਰਾਜ ਦੇ ਸੇਵਾਦੱਕ ਨੇ
ਹਜ਼ਾਰਾਂ ਇਨਕਲਾਬੀਆਂ ਨੂੰ, ਆਲੂਆਂ ਵਾਂਗ ਪਰੋਂਦੇ
ਡੀਂਡਿਆਂ ਨਾਲ ਧੱਕ - ਧੱਕ ਮੁਕਾਏ
ਵੱਖ - ਵੱਖ ਰੱਖੇ ਦਾਰੇ ਬਣਾਏ
ਕੁਝ ਨੂੰ ਨਾ ਖਾਣ ਵਾਲੇ ਪੁੱਠੇ ਵੀ ਲਟਕਾਏ
ਹਜ਼ਾਰਾਂ ਇਨਕਲਾਬੀ ਮਰੇ ਗਏ
ਜੋ ਨੱਕ ਸੱਚ ਲਈ ਜੂਝ ਰਹੇ ਸਨ
( ਭਾਵੇਂ ਖੁਦਕੁਸ਼ੀਆਂ ਨੂੰ ਹੱਕ ਸਮਝੇ ਦੀ
ਅਰਾਜਕਤਾ ਹੀ ਕਿਹਦੀ ਹੈ)
ਏਨੇ ਵੱਡੇ ਕਿੱਸੇ 'ਚੋਂ
ਕਿਰ ਕਿੱਸੇ ਦੇ ਸਫਾਏ ਨਾਲ ਕੀ ਅਰਾਜਕਤਾ ਘੱਟ ਗਈ?
ਪਰ ਹਾਂ ਉਹ ਕਹਿੰਦੇ ਹਨ
ਕਿ ਅੱਗ ਵਾਂਗ ਚੌਂਹ ਕੂਟਾਂ ਵਿਚ ਅਮਨ ਫੈਲ ਗਿਆ —
ਆਉ ਲਭੀਏ ਕਿਸ ਨੁਮਾਇੰਦੇ ਹੇਠ
ਅਮਨ ਦੀ ਘੁੱਗੀ ਗੁਟਕ ਰਹੀ ਹੈ!
ਤੇ ਹਾਂ ਸੱਚ —
ਐਹ ਵੀ ਵੇਖੋ — ਪੰਜਾਬ ਦੀ ਨੌਜਵਾਨੀ ਕੁੜੀ
ਚੋਰਾਂ ਨਾਲ ਪੁੱਠੀ ਲਟਕ ਰਹੀ ਹੈ —
'ਦਸਾਂ' ਨੂੰ ਇਜਾਜ਼ਤ ਦੇ ਕੇ ਮਨਮਰਜ਼ੀ ਦੀ
ਧੱਲੇ-ਧੱਲੇ ਅਰਾਜਕਤਾ ਘੱਟ ਰਹੀ ਹੈ —
ਇਹ 'ਦਸੋ' ਆਰਾਮ ਨਾਲ ਮਹਿਲਾਂ ਵਿਚ
ਗੂੜ੍ਹੀ ਨੀਂਦ 'ਚ ਓਤਪ੍ਰੋਤ ਹਨ —
ਜੋ ਮੁਲਕ ਵਿਚ ਅਰਾਜਕਤਾ ਦਾ ਮੁੱਖ ਸ੍ਰੋਤ ਹਨ
ਉਏ ਰੱਬ ਕਰ - ਬਹੁਤਾ ਤਾਂਹ ਈ ਚੜ੍ਹਿਆ ਜਾਵੇ -
'ਅੰਧਕਾਰ' ਜਾਹੂ ਦਾ ਇਰਾਦਾ ਤਾਂ ਨਹੀਂ
ਏਦੂੰ ਮੁੜਕੇ ਸੱਚ ਵਰਗਾ ਝੂਠ ਨਾ ਸਾਵੀਂ
ਵਰਨਾ ਖ਼ਤਰਾ ਖਾਏਂਗਾ ।

## ਰਚਨਾਤਮਕ ਗੱਲ

ਸਿੰਦਰ/ਉਦੈਪੁਰ – ਰਾਜਸਥਾਨ

ਮੈਂ ਤਾਂ ਹਵਾ ਨੂੰ ਕੀਹ ਆਖਿਆ ਸਾਂ
ਕੁੱਝ ਮਿੱਠਾ ਜਿਹਾ —
ਉਹ ਦੇ ਕੰਨਾਂ ਵਿਚ ਮਲਕੜੇ ਜਿਹੇ
ਅਤੇ ਬਾਗਾਂ ਦੇ ਹੱਥੀਂ
ਤੇਰੇ ਲਈ ਜੋ ਸੁਨੇਹਾ ਸੀ
ਅਸਲ 'ਚ - ਉਹ ਮੈਂ ਹੀ ਘੱਲਿਆ
ਹਾਂ - ਉਂਝ ਤੇ ਇਹ ਵੀ ਸੱਚ ਹੈ ਕਿ-
ਬੋਹੜਾਂ ਅਤੇ ਪਿਪਲਾਂ ਦਾ ਡਰ ਵੀ ਸੀ ਮੈਨੂੰ
ਪਰ ਏਨਾ ਦੁਸ਼ਵਾਰ ਵੀ ਨਹੀਂ ਸੀ
ਸਭ ਕੁੱਝ ਸਾਹਮਣੇ ਕਹਿਣਾ
ਤੇਰੇ ਹੀ ਕੰਨਾਂ ਵਿਚ-
ਅਤੇ ਤੇਰੇ ਹੀ ਹੱਥੀਂ ਸੁਨੇਹਾ ਦੇਣਾ-
ਅਸਲ 'ਚ ਤੇਜ਼ ਧਕੜਨਾਂ ਵੇਲੇ
ਰਚਨਾਤਮਕ ਗੱਲ ਕੋਈ ਕਿੰਜ ਹੋਵੇ ?
ਇਹ ਕੌਣ ਹੋਵੇ-
ਚੰਦਰੀ ਸਭੰਵ ?

## ਗ਼ਜ਼ਲ

**ਠਾਕੁਰ ਭਾਰਤੀ**

ਪੰਛੀ ਘਰਾਂ ਨੂੰ ਮੁੜ ਗਏ, ਪਰਛਾਵੇਂ ਢਲ ਗਏ ।
ਕਲ੍ਹ ਵਾਂਗ, ਅਜ ਦਾ ਦਿਨ ਵੀ ਮਿਰੇ ਗ਼ਮ ਨਿਕਲ ਗਏ ।
ਪਤਝੜ ਦੇ ਵਿਚ ਬਹਾਰ ਹੈ ਕੰਡਿਆਂ ਦੇ ਨਾਲ ਹੀ,
ਰਹਿ ਕੀ ਗਿਆ ਜੇ ਬਾਗ਼ ਚੋਂ ਕੰਡੇ ਨਿਕਲ ਗਏ ।
ਵੇਲੇ ਦੇ ਨਾਲ ਆਇਆ ਨਾ ਸਾਨੂੰ ਹੀ ਬਦਲਨਾ,
ਹਮਦਰਦ ਦਲ ਬਦਲ ਗਏ, ਬੇਦਲ ਬਦਲ ਗਏ ।
ਮੱਖਣ ਦੇ ਪੇੜੇ ਹਾਂ, ਕਿਸੇ ਸਾਨੂੰ ਜੇ ਪਿਆਰ ਨਾਲ,
ਤਕਿਆ ਜਮੇ ਰਹੇ ਜਦੋਂ ਛੋਹਿਆ ਪਿਘਲ ਗਏ ।
ਓੜੇ ਦਾ ਓਡਾ ਹੀ ਰਿਹਾ ਦੁੱਖਾਂ ਦਾ ਕਾਫਿਲਾ,
ਦੋ ਬੁੱਢ ਵਰੇਸ ਮਰ ਗਏ, ਦੋ ਹੋਰ ਪਲ ਗਏ ।
ਸਿਰੜੀ ਸਿਰਾਂ ਨੂੰ ਪੱਟੀਆਂ ਬੰਨ੍ਹਣ ਦੀ ਪੈ ਗਈ,
ਹਿਲੇ ਸੀ ਜੋ ਪਹਾੜ ਉਹ ਮੁੜ ਕੇ ਸੰਭਲ ਗਏ ।
ਪਾਣੀ ਪਲੋਣ ਵਾਸਤੇ ਘੱਲਿਆ ਸੀ ਜਿਨ੍ਹਾਂ ਨੂੰ,
ਬਦਲਾਂ ਦੇ ਨਾਲ ਨਾਲ ਉਹ ਬੁੱਲੇ ਵੀ ਗਲ ਗਏ ।
ਕੀ ਪੁੱਛਦੇ ਹੋ ਦੋਸਤੋ ! ਫੁੱਲਾਂ ਫਲਾਂ ਦਾ ਹਾਲ,
ਕੋਰੇ ਦੇ ਨਾਲ ਬਾਗ ਦੇ ਛਾਪੇ ਵੀ ਜਲ ਗਏ ।
ਧੁਖਦੀ ਚਿਤਾਂ 'ਚੋਂ ਧੂੰਏਂ ਦਾ ਕੰਬਲ ਲਪੇਟ ਕੇ,
ਠਾਕੁਰ ਹੁਰੀ ਨਾ ਜਾਣੀਏਂ ਕਿਸ ਦੇਸ਼ ਵਲ ਗਏ ।

## ਨਵਾਂ ਸਾਲ

ਸਮਰਪਣ:
(ਕੈਨੇਡਾ ਵਿਚ ਵਸਦੇ ਭਾਰਤ ਵਾਸੀਆਂ ਨੂੰ)
ਹਰਦੇਵ ਸਿੰਘ ਕਲਸੀ

ਮੇਰੇ ਹਮਵਤਨੀ ਵੀਰੋ,
ਹੋਵੇ ਤੁਹਾਨੂੰ ਨਵਾਂ ਸਾਲ ਮੁਬਾਰਕ
ਮੇਰੇ ਵਲੋਂ
ਤੇ ਹੋਰ ਭਾਰਤ ਵਿਚ ਵਸਦੇ
ਸੱਠ ਕਰੋੜ ਭਾਰਤ ਵਾਸੀਆਂ ਵਲੋਂ!

ਮੈਂ ਚਾਹੁੰਦਾ ਹਾਂ,
ਕਿ ਨਵੇਂ ਸਾਲ ਵਿਚ
ਤੁਸੀਂ ਸਾਂਭ ਸਕੋ
ਵੱਧ ਤੋਂ ਵੱਧ
ਜ਼ਿੰਦਗੀ ਦੇ ਅਰਥ,
ਤੇ ਡਾਲਰਾਂ ਦੀ ਕੀਮਤ
ਜਾਣ ਸਕੋ ਜੋ
ਆਪਣੇ ਹਮਵਤਨੀ ਲੋਕਾਂ ਬਾਰੇ,
ਤੇ ਉਤਾਰ ਸਕੋ
ਆਪਣੇ ਬਜ਼ੁਰਗਾਂ ਸਿਰੋਂ ਕਰਜ਼ਾ,
ਜਿਹਨਾਂ ਨੂੰ
ਤੁਹਾਨੂੰ ਕੈਨੇਡਾ ਭੇਜਣ ਵਾਸਤੇ
ਧਰਨੀ ਪਈ ਸੀ ਜ਼ਮੀਨ ਗਹਿਣੇ,
ਤੇ ਤੁਹਾਡੀਆਂ ਬੁੱਢੀਆਂ ਮਾਵਾਂ ਨੇ ਵੀ
ਪੀ ਲਏ ਅੱਖਾਂ ਦੇ ਅੱਥਰੂ
ਸਬਰ ਦੇ ਘੁੱਟ ਭਰਕੇ
ਤੇ ਉਸ ਸਮੇਂ
ਤੁਹਾਡੀਆਂ ਭੈਣਾਂ ਨੇ ਵੀ
ਕੀਤਾ ਸੀ ਤੁਹਾਨੂੰ ਖ਼ੁਸ਼ੀ ਖ਼ੁਸ਼ੀ ਵਿਦਾ
ਤਾਂ ਕਿ
ਤੁਸੀਂ ਪਰਦੇਸਾਂ ਵਿਚ ਚਾਰ ਪੈਸੇ ਕਮਾਕੇ,
ਕਰ ਸਕੋ ਉਹਨਾਂ ਦੇ ਹੱਥ ਪੀਲੇ

ਮੈਂ ਇਹ ਵੀ ਚਾਹੁੰਦਾ ਹਾਂ
ਕਿ ਨਵੇਂ ਸਾਲ
ਤੁਹਾਡਾ 'ਵਤਨੋਂ ਦੂਰ' ਰਹਿ
ਦਿਨ ਦੂਣੀ ਤੇ ਰਾਤ ਚੌਗਣੀ ਤਰੱਕੀ
ਤੇ ਤੁਸੀਂ ਬਣ ਸਕੋ 'ਸਰਵੱਚ'
ਕਨੇਡੀਅਨ ਲੋਕਾਂ ਦੇ ਵੀ
ਤੇ ਭਾਰਤੀ ਵਾਸੀਆਂ ਦੇ ਵੀ
ਤੇ ਜਿੱਥੇ ਵੱਧ ਤੋਂ ਵੱਧ
ਆਪਣੀ ਮਾਂ ਬੋਲੀ ਵਿਚ
ਤਾਂ ਕਿ ਜਾਣ ਸਕਣ ਤੁਹਾਨੂੰ
ਬੁਲ੍ਹੇ ਸ਼ਾਹ ਦੀਆਂ ਕਾਫ਼ੀਆਂ
ਹਾਸ਼ਮ ਦੀ ਸੱਸੀ
ਪੀਲੂ ਦਾ ਮਿਰਜ਼ਾ
ਵਾਰਸ ਦੀ ਹੀਰ
ਤੇ ਸ਼ਿਵ ਦੀ ਲੂਣਾ।

ਮੈਂ ਚਾਹੁੰਦਾ ਹਾਂ
ਕਿ ਨਵੇਂ ਸਾਲ ਵਿਚ
ਆਪਾਂ ਇਕੱਠੇ ਹੋਕੇ ਰਖੀਏ
ਤੇ ਵਧੀਏ ਉਸ ਮੰਜ਼ਲ ਵੱਲ
ਜਿੱਥੇ
ਹਰ ਕਨੇਡੀਅਨ
ਤੇ ਭਾਰਤ ਵਾਸੀ ਦੇ ਚਿਹਰੇ ਤੇ
ਹੋਵੇ ਇਕ ਰੱਬੀ ਨੂਰ।

ਅਖ਼ੀਰ ਵਿਚ
ਨਵੇਂ ਸਾਲ ਦੇ ਸ਼ੁਭ ਦਿਹਾੜੇ ਲਈ
ਮੁਬਾਰਕਬਾਦ ਭੇਜਦਾ ਹਾਂ
ਇਹਨਾਂ ਅੱਖਰਾਂ ਨਾਲ
ਕਿ ਨਵਾਂ ਸਾਲ
ਹੋਵੇ ਸੁੱਖ-ਸ਼ਾਂਤਿ ਭਰਿਆ
ਆਪਣੇ ਸਾਰਿਆਂ ਲਈ
ਤਾਂ ਕਿ ਮਨੁੱਖ ਦਾ ਚਿਹਰਾ
ਨਿਖਰ ਸਕੇ
ਸ਼ੀਸ਼ੇ ਦੇ ਸਾਹਮਣੇ।

■

### ਜੇ ਤੁਹਾਡਾ ਪਤਾ ਬਦਲੇ

ਕਿਰਪਾ ਕਰਕੇ ਆਪਣਾ:
i) ਨਵਾਂ ਪਤਾ
ii) ਸੂਟ ਨੰਬਰ
iii) ਪੋਸਟਲ ਕੋਡ ਨੰਬਰ
iv) ਟੈਲੀਫ਼ੋਨ ਨੰਬਰ
ਸਾਨੂੰ ਭੇਜੋ!



ਸੋਨੇ ਦੇ ਲੇਟੈਸਟ ਡੀਜ਼ਾਈਨਾਂ ਵਿੱਚ
ਗਹਿਣੇ ਖਰੀਦਣ ਲਈ

ਸੋਨੀ ਐਂਡ ਸਨਜ਼
**SONI & SONS**
**JEWELLERS**
**Specialist in East Indian Jewelery**

6524 MAIN ST.
(AT 49th. Ave.)
VANCOUVER, B.C.

PHONE 324-1012
**RES. 327-0783**



# ਟੈਲੀਵਿਜ਼ਨ ਕਮਰਸ਼ਲ

ਸਰਵਣ ਬੋਲ 'ਮੌਂਟਰੀਅਲ'

(ਇਹ ਲੇਖ ਟੀ. ਵੀ. ਕਮਰਸ਼ਲ ਉਤੇ ਆਮ ਝਾਤ ਦੀ ਵਜੋਂ ਸਿਧੇ-ਸਾਦੇ ਲਫਜ਼ਾਂ ਵਿਚ ਲਿਖਿਆ ਗਿਆ ਹੈ। ਇਸ ਵਿਚ ਉਠਾਏ ਨੁਕਤੇ ਐਸੇ ਹਨ ਜੋ ਆਪਣੇ ਆਪ ਵਿਚ ਇਕ ਵੱਖਰੇ ਲੇਖ ਦੀ ਮੰਗ ਕਰਦੇ ਹਨ — ਲੇਖਕ)

ਸਰਮਾਇਦਾਰ ਮੁਲਕਾਂ 'ਚ ਆਮ ਤੌਰ ਤੇ ਹਮੇਸ਼ਾ ਹੀ ਚੀਜ਼ਾਂ ਦੀ ਲੋੜ ਤੋਂ ਵੱਧ ਪੈਦਾਵਾਰ ਹੁੰਦੀ ਹੈ। ਐਸ਼ੋਇਸ਼ਰਤ ਅਤੇ 'ਜ਼ਰੂਰਤ ਤੋਂ ਵੱਧ' (ਸਰਪਲੱਸ) ਪੈਦਾਵਾਰ ਕਰਨ ਵਾਲੀ ਆਰਥਿਕਤਾ (ਇਕੋਨੋਮੀ) ਸਮਾਜ ਦੀਆਂ ਸਿਰਫ ਸਰੀਰਕ ਲੋੜਾਂ ਉਤੇ ਹੀ ਨਹੀਂ ਚਲ ਸਕਦੀ। ਮੁੱਖ ਤੌਰ ਤੇ ਇਸ ਦਾ ਫੈਲਾਅ ਸਮਾਜ ਦੀਆਂ ਮਨੋਵਿਗਿਆਨਕ ਲੋੜਾਂ ਅਤੇ ਮੰਗਾਂ (ਵਾਂਟਸ) ਉਤੇ ਹੁੰਦਾ ਹੈ। ਇਹਨਾਂ ਮੁਲਕਾਂ ਵਿਚ ਕੁਦਰਤੀ ਸੋਮੇ, ਸਰਮਾਇਆ ਅਤੇ ਮਜ਼ਦੂਰੀ ਜ਼ਿੰਦਗੀ ਦੀਆਂ ਨਾ-ਜ਼ਰੂਰੀ (ਨੌਨ ਨੀਸਿਸਟੀਜ਼) ਚੀਜ਼ਾਂ ਪੈਦਾ ਕਰਨ ਲਈ ਬਹੁਤਾਤ ਵਿਚ ਵਰਤੇ ਜਾਂਦੇ ਹਨ। ਤੇ ਇਨ੍ਹਾਂ ਨਾ-ਜ਼ਰੂਰੀ ਚੀਜ਼ਾਂ ਨੂੰ ਜ਼ਿੰਦਗੀ ਦੀਆਂ ਜ਼ਰੂਰੀ ਲੋੜਾਂ ਦਰਸਾ ਕੇ ਲੋਕਾਂ ਕੋਲ ਵੇਚਣ ਲਈ ਇਸ਼ਤਿਹਾਰਬਾਜ਼ੀ ਦੀ ਵਰਤੋਂ ਕੀਤੀ ਜਾਂਦੀ ਹੈ। ਇਸ਼ਤਿਹਾਰਬਾਜ਼ੀ ਉਤਰੀ ਅਮਰੀਕਾ ਦੇ ਵਿਉਪਾਰ ਦਾ ਅਨਿਖੜਵਾਂ ਅੰਗ ਹੈ। ਇਹ ਭਾਰਤ ਵਿਚਲੇ "ਰੱਬ" ਦੀ ਤਰ੍ਹਾਂ ਹਰ ਇਕ ਜਗਾ ਮੌਜੂਦ ਹੈ। ਕੈਨੇਡਾ ਵਿਚ ਕੋਈ ਦੋ ਸੌ ਤੋਂ ਵੱਧ ਇਸ਼ਤਿਹਾਰਬਾਜ਼ੀ ਦਾ ਕੰਮ ਕਰਨ ਵਾਲੀਆਂ ਵੱਡੀਆਂ ਕੰਪਨੀਆਂ ਹਨ। ਟੀ. ਵੀ. ਰੇਡੀਓ, ਅਖਬਾਰਾਂ ਤੇ ਬਿੱਲ ਬੋਰਡ ਆਦਿ ਬਹੁਤ ਸਾਰੇ ਵੱਖੋ ਵੱਖਰੇ ਇਸ਼ਤਿਹਾਰਬਾਜ਼ੀ ਦੇ ਤਰੀਕੇ ਹਨ। ਪਰ ਇਹਨਾਂ ਵਿਚੋਂ ਸਭ ਤੋਂ ਵੱਧ ਤਾਕਤਵਰ ਤਰੀਕਾ ਟੈਲੀਵਿਜ਼ਨ ਕਮਰਸ਼ਲ ਦਾ ਹੈ ਜੋ ਕੈਨੇਡਾ ਦੇ 98% ਲੋਕਾਂ ਤੱਕ ਪਹੁੰਚਦਾ ਹੈ।

ਸਮਾਜਿਕ ਅਤੇ ਆਰਥਿਕ ਪੱਖ ਤੋਂ ਇਸ਼ਤਿਹਾਰਬਾਜ਼ੀ ਦਾ ਕੰਮ ਕਿਸੇ ਚੀਜ਼ ਬਾਰੇ ਲੋਕਾਂ ਨੂੰ ਠੀਕ ਸੂਚਨਾ ਦੇਣਾ ਅਤੇ ਉਸਦੀ ਮੰਗ (ਡੀਮਾਂਡ) ਵਧਾਉਣਾ ਹੈ। ਪਰੰਤੂ ਵਿਉਪਾਰਿਕ ਪੱਖ ਤੋਂ ਇਸ ਦਾ ਕੰਮ ਕਿਸੇ ਖਾਸ ਜਿਣਸ ਵੱਲ ਧਿਆਨ ਖਿਚਣਾ, ਦਿਲਚਸਪੀ ਪੈਦਾ ਕਰਨਾ, ਲਾਲਸਾ ਵਧਾਉਣਾ ਅਤੇ ਕਮਰਸ਼ੀਅਲ ਸੰਦੇਸ਼ (ਮੈਸੇਜ) ਨੂੰ ਅਮਲ ਵਿਚ ਬਦਲਣਾ ਹੈ। ਟੀ. ਵੀ. ਕਮਰਸ਼ਲ ਦਾ ਅਸਰ 'ਖਾਓ-ਪੀਓ ਅਤੇ ਐਸ਼ ਕਰੋ' ਵਾਲੇ ਵਿਚਾਰਧਾਰਿਕ ਵਰਗ ਉਤੇ ਇਸ ਤਰ੍ਹਾਂ ਹੁੰਦਾ ਹੈ ਜਿਵੇਂ ਖਾਨਾਂ 'ਚ ਕੰਮ ਕਰਨ ਵਾਲੇ ਮਜ਼ਦੂਰਾਂ ਤੇ 'ਏਅਰ-ਪੋਲੂਸ਼ਨ' ਦਾ।

ਟੀ. ਵੀ ਕਮਰਸ਼ਲ ਉਤੇ ਕਰੋੜਾਂ ਹੀ ਡਾਲਰ ਖਰਚ ਹੁੰਦੇ ਹਨ। ਆਏ ਸਾਲ ਇਸ ਦਾ ਖਰਚ ਹੋਰ ਵੀ ਵੱਧ ਰਿਹਾ ਹੈ। ਮਿਸਾਲ ਵਜੋਂ ਅਮਰੀਕਾ ਵਿਚ ਇਕ ਸਾਲ ਦਾ ਇਸ਼ਤਿਹਾਰਬਾਜ਼ੀ ਦਾ ਖਰਚ ਤੀਹ ਬਿਲੀਅਨ ਡਾਲਰ ਤੱਕ ਪਹੁੰਚ ਜਾਂਦਾ ਹੈ। ਟੀ. ਵੀ. ਕਮਰਸ਼ਲ ਵੱਡੇ ਵੱਡੇ ਮੰਡੀ-ਮਾਹਿਰ ਅਤੇ ਮਨੋਵਿਗਿਆਨਕ ਤਿਆਰ ਕਰਦੇ ਹਨ। ਹਰ ਇਕ ਟੀ. ਵੀ. ਸੰਦੇਸ਼ ਕਿਸੇ ਖਾਸ ਸਮੇਂ ਤੇ ਖਾਸ ਉਮਰ ਦੇ ਲੋਕਾਂ ਲਈ ਤਿਆਰ ਕੀਤਾ ਹੁੰਦਾ ਹੈ। ਜਿਸਦਾ ਅਸਰ ਆਮ ਟੀ. ਵੀ. ਵੇਖਣ ਵਾਲੇ ਤੇ ਹੋਣਾ ਸੰਭਵ ਹੈ। ਟੀ. ਵੀ. ਕਮਰਸ਼ਲ ਦੇ ਹੱਕ ਵਿਚ ਵੋਟ ਪਾਉਣ ਵਾਲੇ ਸ਼ਾਇਦ ਇਹਨਾਂ "ਫਾਇਦਿਆਂ" ਦੇ ਸ਼ਿਕਾਰ ਹਨ ਕਿ: ਕਮਰਸ਼ਲ ਗਾਹਕਾਂ ਨੂੰ ਸਮੇਂ ਸਮੇਂ ਸਿਰ ਨਵੀਆਂ ਚੀਜ਼ਾਂ ਬਾਰੇ ਜਾਣਕਾਰੀ ਦਿੰਦੀ ਹੈ; ਲੋਕਾਂ ਦੇ ਸ਼ੌਕ, ਸੁਆਦ, ਫੈਸ਼ਨ ਆਦਿ ਵਿਚ ਨਵਾਂ ਮੋੜ ਲਿਆਉਂਦੀ ਹੈ; ਜਿਣਸਾਂ ਦੀ ਮੰਗ ਨੂੰ ਵਧਾਉਂਦੀ ਹੈ; ਮੁਫਤ ਟੀ. ਵੀ. ਵੇਖਣ ਵਿਚ ਮਦਦ ਕਰਦੀ ਹੈ; ਇਸ ਕਿੱਤੇ ਵਿਚ ਲੱਗੇ ਬਹੁਤ ਲੋਕਾਂ ਦਾ ਜੀਵਨ ਸਾਧਨ ਹੈ ਆਦਿ। ਕੀ ਇਹ "ਫਾਇਦੇ" ਅਸਲੀ ਰੂਪ ਵਿਚ ਫਾਇਦੇ ਹਨ? ਜੇ ਨਹੀਂ ਤਾਂ ਕਿਸ ਤਰ੍ਹਾਂ?

ਟੀ. ਵੀ. ਉਤੇ ਚੀਜ਼ਾਂ ਦੀ ਮਸ਼ਹੂਰੀ ਦਾ ਮੁਢਲਾ ਮੰਤਵ ਵਿਉਪਾਰੀ ਦਾ ਆਪਣਾ ਨਫਾ ਹੁੰਦਾ ਹੈ। 'ਨਵੀਆਂ ਚੀਜ਼ਾਂ ਦੀ ਗਾਹਕਾਂ ਨੂੰ ਜਾਣਕਾਰੀ' ਦਾ ਛੁਪਿਆ ਮਤਲਬ, ਜੋ ਕੁੱਲ ਲੋਕਾਂ ਦੀ ਸੋਚਣੀ ਵਿਚ ਘੱਟ ਆਉਂਦਾ ਹੈ, ਮੁਕਾਬਲਾ (ਕੰਪੀਟੀਸ਼ਨ) ਹੈ। ਇਕ ਕੰਪਨੀ ਦਾ ਦੂਸਰੀ ਕੰਪਨੀ ਨਾਲ ਜ਼ਿਆਦਾ ਨਫੇ ਲਈ ਮੰਡੀ-ਭੇੜ। ਮਿਸਾਲ ਵਜੋਂ 'ਸਿੰਪਸਨ-ਸੀਅਰਜ਼' ਦਾ 'ਈਟਨ' ਨਾਲ ਜਾਂ 'ਹੱਡਸਨਬੇ' ਦਾ 'ਵੂਲਵਰਥਜ਼' ਨਾਲ ਆਦਿ। ਇਕ ਪ੍ਰੋਡਿਊਸਰ (ਚੀਜ਼ਾਂ ਪੈਦਾ ਕਰਨ ਵਾਲਾ) ਦੂਸਰੇ ਨੂੰ ਹਰਾਉਣ ਲਈ ਆਪਣੀ ਚੀਜ਼ ਬਾਰੇ ਗਿਆਨ ਪਹਿਲਾਂ ਲੋਕਾਂ ਤੱਕ ਪਹੁੰਚਾਣ ਦੀ ਕੋਸ਼ਿਸ਼ ਕਰਦਾ ਹੈ। ਇਸ ਤਰ੍ਹਾਂ ਦੇ

ਉਪਰਾਲੇ ਕਰਕੇ ਵੱਡੀਆਂ ਵੱਡੀਆਂ 'ਕਾਰਪੋਰੇਸ਼ਨਜ਼' ਜ਼ਿਆਦਾ ਨਫਾ ਹੜੱਪ ਕਰਨ ਲਈ ਛੋਟੇ ਵਿਉਪਾਰੀਆਂ ਨੂੰ ਮੰਡੀ ਵਿਚੋਂ ਬਾਹਰ ਕੱਢ ਦਿੰਦੀਆਂ ਹਨ। ਕਾਰਨਰ-ਸਟੋਰਜ਼ (ਛੋਟੀਆਂ ਦੁਕਾਨਾਂ) ਬਾਰੇ ਟੀ.ਵੀ. ਤੇ ਕਮਰਸ਼ਲ ਬਹੁਤ ਘੱਟ ਆਉਂਦੀ ਹੈ। ਇਸ ਦਾ ਕਾਰਨ ਕਾਰਨਰ ਸਟੋਰਜ਼ ਦੀ ਕਮਰਸ਼ਲ ਉਤੇ ਹਜ਼ਾਰਾਂ ਡਾਲਰ ਨਾ ਖਰਚ ਕਰ ਸਕਣ ਦੀ ਪਹੁੰਚ ਹੈ। ਵੱਡੀਆਂ ਕੰਪਨੀਆਂ ਅਣਗਿਣਤ ਪੈਸਾ ਖਰਚ ਕਰਕੇ ਵੀ ਮਣਾਂ ਮੂੰਹੀਂ ਨਫਾ ਕਮਾ ਲੈਂਦੀਆਂ ਹਨ। ਇਸ ਲਈ 'ਨਵੀਆਂ ਚੀਜ਼ਾਂ ਦੀ ਜਾਣਕਾਰੀ' ਦੇਣਾ ਕੋਈ ਲੋਕਾਂ ਤੇ ਅਹਿਸਾਨ ਕਰਨਾ ਨਹੀਂ ਸਗੋਂ ਚੋਰ ਬਜ਼ਾਰੀ ਦੇ ਵੱਡੇ ਮੁਕਾਬਲੇ ਦਾ ਇਕ ਅੰਗ ਹੈ।

ਤਜਰਬੇਕਾਰ ਟੀ. ਵੀ. ਕਮਰਸ਼ਲ ਲਿਖਣ ਵਾਲਿਆਂ ਦਾ ਮਕਸਦ ਗਾਹਕਾਂ ਦੇ ਸ਼ੌਕ, ਸੁਆਦ, ਸੋਚ ਆਦਿ ਨੂੰ ਕਿਸੇ ਖਾਸ ਪਾਸੇ ਮੋੜਨਾ ਜਾਂ ਉਕਸਾਉਣਾ ਹੈ ਤੇ ਨਵੀਂ ਆਈ ਚੀਜ਼ ਨੂੰ ਖ੍ਰੀਦਣ ਲਈ ਤਿਆਰ ਕਰਨਾ ਹੁੰਦਾ ਹੈ, ਨਾ ਕਿ ਲੋਕਾਂ ਦੀਆਂ ਅਸਲੀ ਲੋੜਾਂ ਦੀ ਭਲਾਈ ਜਾਂ ਸਿਹਤ ਦਾ ਖਿਆਲ ਰੱਖਣਾ। ਜਿਵੇਂ ਲਾਗੀ ਦਾ ਕੰਮ ਹੁੰਦਾ ਹੈ ਲਾਗ ਲੈਣਾ ਭਾਵੇਂ ਜਾਂਦੀ ਰੰਡੀ ਹੋ ਜਾਵੇ। ਮੰਡੀ ਖੋਜ ਕਰਨ ਵਾਲਿਆਂ ਦਾ ਵਿਚਾਰ ਹੈ ਕਿ ਅਮੀਰ ਘਰਾਂ ਦੀਆਂ ਜਨਾਨੀਆਂ ਜਲਦੀ ਹੀ ਫੈਸ਼ਨਾਂ ਦੀ ਮਸ਼ਹੂਰੀ ਦਾ ਸ਼ਿਕਾਰ ਹੋ ਜਾਂਦੀਆਂ ਹਨ। ਵੈਸੇ ਤਾਂ ਜਿਉਂਦੇ ਰਹਿਣ ਕਰੈਡਿਟ ਕਾਰਡ ਜੋ ਸੱਪ ਵਰਗਾ ਦੇ ਲੋਕਾਂ ਦੀ ਬੇ-ਲੋੜੀਆਂ ਚੀਜ਼ਾਂ ਖ੍ਰੀਦਣ ਦੀ ਪਹੁੰਚ ਨੂੰ ਵਧਾ ਕੇ ਉਹਨਾਂ ਦੇ ਸ਼ੌਕ ਤੇ ਸੁਆਦ ਆਦਿ ਵਿਚ ਹਰ ਰੋਜ਼ 'ਨਵੇਂ-ਮੋੜ' ਲਿਆਉਂਦੇ ਹਨ। ਇਹ 'ਨਵੇਂ-ਮੋੜ' ਕਿਸ ਤਰ੍ਹਾਂ ਸਮੁੱਚੇ ਸਮਾਜ ਨੂੰ ਧਕੇਲ ਰਹੇ ਹਨ? ਲੰਬੇ ਸਮੇਂ ਵਿਚ ਇਸ ਦਾ ਕੀ ਨੁਕਸਾਨ ਹੈ? ਇਹਨਾਂ ਸਵਾਲਾਂ ਬਾਰੇ ਟੀ. ਵੀ. ਕਮਰਸ਼ਲ ਲਿਖਣ ਅਤੇ ਮਸ਼ਹੂਰੀ ਕਰਾਉਣ ਵਾਲਿਆਂ ਦਾ ਕੋਈ ਵਾਸਤਾ ਨਹੀਂ। ਉਹਨਾਂ ਕੋਲ ਇਤਨਾ ਫਾਲਤੂ ਸਮਾਂ ਨਹੀਂ। ਇਹ ਤਾਂ "ਵਿਹਲੜਾਂ" ਦੇ ਸੋਚਣ ਦੀਆਂ ਗੱਲਾਂ ਹਨ। ਸਰਮਾਏਦਾਰ ਮੁਲਕਾਂ ਵਿਚ ਰਹਿ ਕੇ ਅਸੀਂ ਸ਼ਾਇਦ ਇਸ ਗੱਲ ਬਾਰੇ ਵੀ ਕਦੇ ਘੱਟ ਹੀ ਧਿਆਨ ਦਿੰਦੇ ਹਾਂ ਕਿ ਵੱਡੀਆਂ ਵੱਡੀਆਂ ਕਾਰ-ਪੋਰੇਸ਼ਨਜ਼— ਜਿਨ੍ਹਾਂ ਦੇ ਹੱਥ ਇਹਨਾਂ ਮੁਲਕਾਂ ਦੀ ਵਾਗ ਡੋਰ ਹੈ— ਟੀ. ਵੀ. ਰਾਹੀਂ ਸਾਨੂੰ ਆਪਣੇ ਸੁਆਰਥ ਲਈ ਵਰਤ ਰਹੀਆਂ ਹਨ। ਆਮ ਲੋਕਾਂ ਨੂੰ ਭੇਡਾਂ-ਬਕਰੀਆਂ ਸਮਝਕੇ ਮਨ ਪਸੰਦ ਦੇ "ਨਵੇਂ—ਮੋੜ" ਦੇ ਰਹੀਆਂ ਹਨ।

ਇਹ ਵੀ ਠੀਕ ਹੈ ਕਿ ਇਸ਼ਤਿਹਾਰਬਾਜ਼ੀ ਚੀਜ਼ਾਂ ਦੀ ਮੰਗ ਨੂੰ ਵਧਾਉਂਦੀ ਹੈ। ਪਰੰਤੂ ਮੰਗ ਆਮ ਤੌਰ ਤੇ ਬੇ-ਲੋੜੀਆਂ ਚੀਜ਼ਾਂ ਦੀ ਹੀ ਵਧਦੀ ਹੈ। ਟੀ. ਵੀ. ਕਮਰਸ਼ਲ ਦਾ ਕੰਮ ਹਰ ਵਕਤ 'ਮੰਗ ਵਧਾਉਣਾ' ਨਹੀਂ ਸਗੋਂ ਜ਼ਿਆਦਾਤਰ 'ਮੰਗ ਘਟਾਉਣਾ' ਹੁੰਦਾ ਹੈ, ਇਸ ਨੂੰ ਬਰੈਂਡ ਕੰਪੀਟੀਸ਼ਨ (ਮਾਰਕਾ ਮੁਕਾਬਲਾ) ਕਹਿੰਦੇ ਹਨ। ਇਕ ਕੰਪਨੀ ਦੂਸਰੀ ਕੰਪਨੀ ਦੇ ਇਕੋ ਹੀ ਚੀਜ਼ ਦੇ ਵੱਖਰੇ ਵੱਖਰੇ ਮਾਰਕੇ ਦੀ ਮੰਗ ਘਟਾ ਕੇ ਆਪਣੇ ਮਾਰਕੇ ਦੀ ਆਦਤ ਲੋਕਾਂ ਨੂੰ ਪਾਉਣ ਦੀ ਕੋਸ਼ਿਸ਼ ਕਰਦੀ ਹੈ। ਜਿਵੇਂ ਨਹਾਉਣ ਵਾਲੇ ਸਾਬਣ ਦੇ ਵੱਖ ਵੱਖ ਨਾਵਾਂ ਦੀ ਮਸ਼ਹੂਰੀ: ਕੈਮੇ, ਆਇਰਿਸ਼ ਸਪਰਿੰਗ, ਲਕਸ, ਡੌਵ ਆਦਿ ਆਦਿ। ਮਸ਼ਹੂਰੀ ਕਰਨ ਵਾਲੀ ਕੰਪਨੀ ਦਾ ਮਤਲਬ ਇਹ ਨਹੀਂ ਹੁੰਦਾ ਕਿ ਚਾਰ ਟਿੱਕੀਆਂ ਲਕਸ ਦੀਆਂ ਖ੍ਰੀਦਣ ਵਾਲਾ ਅੱਠ ਟਿੱਕੀਆਂ ਕੈਮੇ ਦੀਆਂ ਖ੍ਰੀਦ ਲਵੇ ਬਲਕਿ ਇਹ ਕਿ ਲਕਸ ਖ੍ਰੀਦਣ ਵਾਲਾ ਕੈਮੇ ਖ੍ਰੀਦਣ ਲਗ ਜਾਵੇ। ਕਈ ਗਾਹਕ ਇਸ ਤਰ੍ਹਾਂ ਦੇ ਵੀ ਹੁੰਦੇ ਹਨ ਕਿ ਚਾਰ ਟਿੱਕੀਆਂ ਇਕੋ ਮਾਰਕੇ ਦੀਆਂ ਖ੍ਰੀਦਣ ਦੀ ਬਜਾਏ ਵੱਖ ਵੱਖ ਮਾਰਕੇ ਦੀਆਂ ਖ੍ਰੀਦ ਲੈਂਦੇ ਹਨ। ਪਰੰਤੂ ਸਾਬਣ ਦੀ ਲਾਗਤ ਵਿਚ ਤਕਰੀਬਨ ਕੋਈ ਫਰਕ ਨਹੀਂ ਆਉਂਦਾ। 'ਮੰਗ ਵਧਾਉਣਾ' ਜਾਂ 'ਮੰਗ ਘਟਾਉਣ' ਦਾ ਚੱਕਰ ਸਿਰਫ ਚੀਜ਼ ਵੇਚਣ ਨਾਲ ਹੁੰਦਾ ਹੈ। ਬੇ-ਲੋੜੀਆਂ ਚੀਜ਼ਾਂ ਖ੍ਰੀਦਣਾ ਜਾਂ ਨਵੇਂ ਫੈਸ਼ਨ ਵਧਾਉਣਾ ਆਮ ਤੌਰ ਤੇ ਅਮੀਰਾਂ ਦਾ ਕਿੱਤਾ ਹੈ। ਪਰੰਤੂ ਲਕੀਰ ਦੇ ਫਕੀਰ ਹਰ ਇਕ ਜਗ੍ਹਾ ਮਿਲਦੇ ਹਨ। ਮੰਡੀ ਵਿਚ ਕਿਸੇ ਚੀਜ਼ ਦੀ ਮੰਗ ਘਟੇ ਜਾਂ ਵਧੇ ਪਰ ਵੱਧ ਰਹੀਆਂ ਕੀਮਤਾਂ ਅਤੇ ਘੱਟ ਰਹੀਆਂ 'ਅਸਲੀ-ਤਨਖਾਹਾਂ' ਦਾ ਆਖਰੀ ਅਸਰ ਆਮ ਮਜ਼ਦੂਰ ਗਾਹਕ ਤਬਕੇ ਉਤੇ ਹੀ ਹੁੰਦਾ ਹੈ।

ਵਿਕਰੀ ਲਈ (ਸੇਲ) ਉਤੇ ਲੱਗੀਆਂ ਚੀਜ਼ਾਂ ਦੀ ਟੀ. ਵੀ. ਉਤੇ ਮਸ਼ਹੂਰੀ ਜਿਵੇਂ 'ਡਾਲਰ ਟਵੰਟੀ ਨਾਈਨ ਡੇ' 'ਕਰਿਸਮਿਸ ਸੇਲ' 'ਸਮਰ ਸੇਲ' ਆਦਿ ਦਾ ਮਤਲਬ ਕਿਸੇ ਨਾ ਕਿਸੇ ਤਰ੍ਹਾਂ ਗਾਹਕ ਨੂੰ ਸਟੋਰ ਤੱਕ ਲਿਆਉਣਾ ਹੁੰਦਾ ਹੈ। ਕਿਉਂਕਿ ਸਟੋਰ ਵਿਚ ਗਏ ਵਿਅਕਤੀ ਉਤੇ 'ਖੂਹ ਵਿਚ ਡਿੱਗੀ ਇੱਟ ਸੁੱਕੀ ਨਹੀਂ ਨਿਕਲਦੀ' ਵਾਲੀ ਗੱਲ ਚੰਗੀ ਢੁੱਕਦੀ ਹੈ। ਦੂਸਰੇ ਪਾਸੇ ਇਹ ਗੱਲ ਵੀ ਮਸ਼ਹੂਰ ਹੈ ਕਿ ਉੱਤਰੀ ਅਮਰੀਕਾ ਵਿਚ ਲੋਕ ਲੱਭਣ ਜਾਂਦੇ ਹਨ ਉਹਨਾਂ ਨੂੰ ਕੀ ਚਾਹੀਦਾ ਹੈ ਅਤੇ ਯੂਰਪੀਨ ਲੋਕ ਖ੍ਰੀਦਣ ਜਾਂਦੇ ਹਨ ਜੋ ਉਹਨਾਂ ਨੂੰ ਚਾਹੀਦਾ ਹੈ। ਕਮਰਸ਼ੀਅਲ ਤੋਂ ਪ੍ਰਭਾਵਿਤ ਹੋ ਕੇ ਵੀਕ ਐਂਡ ਤੇ 'ਜਸਟ ਫਾਰ ਲੁਕਿੰਗ' (ਸਿਰਫ ਵੇਖਣ) ਲਈ ਜਾਣ ਦਾ ਰਿਵਾਜ ਵੀ ਆਮ ਹੈ। ਆਮ ਤੌਰ ਤੇ ਸੇਲ ਉਤੇ

ਲੱਗੀਆਂ ਚੀਜ਼ਾਂ ਜਾਂ ਤਾਂ 'ਬੇ-ਲੋੜੀਆਂ' ਹੁੰਦੀਆਂ ਹਨ ਜਾਂ 'ਬੇ-ਫੈਸ਼ਨ' ਪਰ ਘਾਟਾ ਪਾ ਕੇ ਚੀਜ਼ਾਂ ਸੇਲ ਉੱਤੇ ਲਾਉਣ ਦਾ ਸਵਾਲ ਹੀ ਨਹੀਂ ਉਠਦਾ। ਸੇਲ ਤੇ ਚੀਜ਼ ਖ਼ਰੀਦਣ ਦਾ ਤਾਂ ਹੀ ਫਾਇਦਾ ਹੈ ਅਗਰ ਸਖ਼ਤ-ਜ਼ਰੂਰਤ ਹੋਵੇ। 'ਸਖ਼ਤ ਜ਼ਰੂਰਤ' ਤੋਂ ਭਾਵ ਜਿਵੇਂ ਬਿਮਾਰ ਲਈ ਦਵਾਈ ਜ਼ਰੂਰੀ ਹੈ। ਪਰ ਸੇਲ ਚਾਲ ਦੀ ਬਿਮਾਰੀ ਆਮ ਵੇਖਣ ਵਿਚ ਆਉਂਦੀ ਹੈ, ਸੇਲ ਦਾ ਨਾਂ ਸੁਣ ਕੇ ਕਈ ਜਨਾਨੀਆਂ ਐਂਵੇ ਫਾਲਤੂ ਕਪੜੇ ਖ਼ਰੀਦ ਲੈਂਦੀਆਂ ਹਨ ਕਿ ਘਰ ਲਿਆ ਕੇ ਟਰੰਕ ਜਾਂ ਡਰਾਇਰ ਵਿਚ ਇਸ ਤਰ੍ਹਾਂ ਤੁੰਨਦੀਆਂ ਹਨ ਜਿਵੇਂ ਕੁੱਪ ਵਿਚ ਤੂੜੀ। ਦੂਸਰੇ ਪਾਸੇ ਕਰੈਡਿਟ ਕਾਰਡਜ਼ ਉੱਤੇ ਖ਼ਰੀਦੀਆਂ ਚੀਜ਼ਾਂ ਉੱਤੇ ਮੁਫ਼ਤ ਚੋਖਾ ਵਿਆਜ ਪੈਂਦਾ ਹੈ। ਬਹੁਤ ਲੋਕ 'ਹੁਣ ਖ਼ਰੀਦੋ ਬਾਅਦ ਵਿਚ ਪੈਸੇ ਦਿਓ' (ਬਾਈ ਨਾਓ ਪੇ ਲੇਟਰ) ਦੇ ਹੋਕਿਆਂ ਨੂੰ ਗਲਤ ਸਮਝਕੇ ਆਮ ਕਰਜ਼ੇ ਹੇਠਾਂ ਦੱਬੇ ਜਾਂਦੇ ਹਨ।

ਬਹੁਤੀ ਵਾਰੀ ਟੀ. ਵੀ. ਕਮਰਸ਼ਲ ਗਲਤ ਸੂਚਨਾ ਲੋਕਾਂ ਨੂੰ ਦਿੰਦੀ ਹੈ। ਧੋਖਾ, ਫਰੇਬ ਅਤੇ ਝੂਠ ਦੇ ਤੂਫਾਨਾਂ ਤੋਂ ਬਿਨਾਂ ਹੋਰ ਕੁੱਝ ਨਹੀਂ। ਕਮਰਸ਼ਲ ਰਾਹੀਂ ਕੁੱਝ ਹੋਰ, ਅਤੇ ਅਸਲ ਵਿਚ ਕੁੱਝ ਹੋਰ ਹੁੰਦਾ ਹੈ, ਬਹੁਤ ਸਾਰੀਆਂ-ਚੀਜ਼ਾਂ ਜਿਹਨਾਂ ਦਾ ਸਾਨੂੰ ਪਹਿਲਾਂ ਬਿਲਕੁਲ ਪਤਾ ਨਹੀਂ ਹੁੰਦਾ — ਕਿਉਂਕਿ ਉਨ੍ਹਾਂ ਦੀ ਜ਼ਰੂਰਤ ਨਹੀਂ ਹੁੰਦੀ — ਕਮਰਸ਼ਲ ਰਾਹੀਂ ਦਿਖਾ ਕੇ ਸਾਡਾ ਧਿਆਨ ਖਿੱਚਣਾ, ਲੋਕ ਪਸੰਦ ਹੀਰੋ ਤੋਂ ਕਿਸੇ ਚੀਜ਼ ਦੀ ਮਸ਼ਹੂਰੀ ਕਰਾ ਕੇ ਉਸ ਨਾਲ ਹਮਦਰਦੀ ਰੱਖਣ ਵਾਲੇ ਤਬਕੇ ਉੱਤੇ ਮਨੋਵਿਗਿਆਨਕ ਅਸਰ ਕਰਨਾ ਆਦਿ ਆਦਿ। ਬੱਚਿਆਂ ਉੱਤੇ ਇਸ ਦਾ ਅਸਰ ਬਹੁਤ ਹੁੰਦਾ ਹੈ। ਕਿਉਂਕਿ ਬੱਚੇ ਬਹੁਤ ਜਲਦੀ ਕਿਸੇ ਮਾਰਕੇ (ਬਰੈਂਡ) ਦੇ ਵਫਾਦਾਰ ਬਣ ਜਾਂਦੇ ਹਨ। ਧਿਆਨ ਵਿਚ ਚੀਜ਼ ਆਉਣ ਤੇ ਬੱਚਾ ਉਸ ਦੀ ਮੰਗ ਕਰਦਾ ਹੈ, ਨਾ ਮਿਲਣ ਤੇ ਰੋਣ ਪਿੱਟਣ ਦਾ ਕੰਮ ਸ਼ੁਰੂ ਕਰਦਾ ਹੈ, ਅਤੇ ਮਾਂ ਦੀ ਮਮਤਾ ਜਾਗਣ ਨਾਲ ਦੁਕਾਨਦਾਰ ਦੇ ਪੈਸੇ ਹਰੇ। ਬੱਚੇ ਟੀ. ਵੀ. ਉੱਤੇ ਚੀਜ਼ ਦੀ ਮਸ਼ਹੂਰੀ ਵੇਖ ਕੇ ਮਾਤਾ-ਪਿਤਾ ਨੂੰ ਸਟੋਰ ਵਿਚ ਜਾਣ ਲਈ ਮਜ਼ਬੂਰ ਕਰਦੇ ਹਨ ਜਿਸ ਕਰਕੇ ਬੱਚਿਆਂ ਦੀ ਚੀਜ਼ ਦੇ ਨਾਲ ਨਾਲ ਹੋਰ ਕਾਫੀ ਕੂੜਾ ਕਰਕਟ ਖ਼ਰੀਦਿਆ ਜਾਂਦਾ ਹੈ।

ਉੱਤਰੀ ਅਮਰੀਕਾ ਵਿਚ ਜ਼ਿਆਦਾ ਲੋਕ ਆਪਣਾ ਵਿਹਲਾ ਸਮਾਂ ਸਭ ਤੋਂ ਵੱਧ ਟੀ. ਵੀ. ਵੇਖਣ ਵਿਚ ਗੁਜ਼ਾਰਦੇ ਹਨ। ਜ਼ਿਆਦਾ ਟੀ. ਵੀ. ਵੇਖਣ ਨਾਲ ਮਨੋਵਿਗਿਆਨਕ ਪੱਖ ਤੋਂ ਕਮਰਸ਼ਲ ਦਾ ਅਸਰ ਇਸ ਤਰ੍ਹਾਂ ਹੁੰਦਾ ਹੈ:
ਕਮਰਸ਼ਲ ਵੇਖੀ → ਚੀਜ਼ ਵੱਲ ਧਿਆਨ ਗਿਆ → ਮਨ ਵਿਚ ਲਾਲਸਾ ਪੈਦਾ ਹੋਈ → ਲਾਲਸਾ ਮੰਗ (ਵਾਂਟ) ਵਿਚ ਬਦਲਣੀ ਸ਼ੁਰੂ ਹੋਈ → ਮੰਗ ਜ਼ਰੂਰਤ ਮਹਿਸੂਸ ਹੋਣ ਲੱਗੀ → ਜ਼ਰੂਰਤ ਪੂਰੀ ਨਾ ਹੋਣ ਤੇ ਕਿਸੇ ਚੀਜ਼ ਦੀ ਘਾਟ ਮਹਿਸੂਸ ਹੋਣ ਲੱਗੀ → ਘਰੇਲੂ ਅਤੇ ਸਮਾਜਿਕ ਦਬਾ ਭਾਰੂ ਹੋਣ ਉੱਤੇ ਮਨ ਅਸ਼ਾਂਤ → ਚੀਜ਼ ਖ਼ਰੀਦਣ ਜਾਂ ਨਾ ਖ਼ਰੀਦਣ ਦਾ ਚਕਰ ਚਲਿਆ → ਮਨ ਦੀ ਸ਼ਾਂਤੀ ਲਈ ਜਾਂ ਚੱਕਰ ਚੋਂ ਨਿਕਲਣ ਲਈ ਚੀਜ਼ ਖ਼ਰੀਦੀ ਗਈ।

ਉੱਤਰੀ ਅਮਰੀਕਾ ਵਿਚ ਇਹ ਗਲ ਵੀ ਸੁਨਣ ਵਿਚ ਆਉਂਦੀ ਹੈ ਕਿ ਸਾਰੇ ਟੀ. ਵੀ. ਸਟੇਸ਼ਨ [ਕੁੱਝ ਐਸੇ ਵੀ ਹਨ ਜੋ ਬਿਨਾਂ ਕਮਰਸ਼ਲ. ਚੰਦੇ ਲੋਕਾਂ ਅਤੇ ਗੌਰਮਿੰਟ ਦੀ ਮਦਦ ਨਾਲ ਚਲਦੇ ਹਨ, ਜਿਵੇਂ ਅਮਰੀਕਾ ਵਿਚ ਪੀ. ਬੀ. ਐਸ.] ਕਾਫੀ ਹੱਦ ਤੱਕ ਜਿਣਸਾਂ ਦੀ ਮਸ਼ਹੂਰੀ ਕਰਾਉਣ ਵਾਲਿਆਂ ਦੇ ਖ਼ਰਚ ਉੱਤੇ ਚਲਦੇ ਹਨ। ਕਮਰਸ਼ਲ ਬਿਲਕੁਲ ਬੰਦ ਹੋਣ ਤੇ ਟੀ. ਵੀ. ਵੇਖਣ ਵਾਲਿਆਂ ਨੂੰ ਪੱਲਿਉਂ ਪੈਸੇ ਦੇਣੇ ਪੈਣਗੇ। ਪਰ ਸਮਝਣ ਵਾਲੀ ਗੱਲ ਇਹ ਹੈ ਕਿ ਮਸ਼ਹੂਰੀ ਕਰਾਉਣ ਉੱਤੇ ਕੰਪਨੀਆਂ ਦਾ ਜੋ ਖ਼ਰਚਾ ਆਉਂਦਾ ਹੈ ਉਹ ਪੱਲਿਉਂ ਨਹੀਂ ਦਿੰਦੀਆਂ ਅਤੇ ਨਾ ਹੀ ਆਪਣੇ ਨਫੇ ਵਿਚ ਕੋਈ ਘਾਟਾ ਪਾਉਂਦੀਆਂ ਹਨ। ਅਸਲ ਵਿਚ ਉਹ ਮਸ਼ਹੂਰੀ ਹੀ ਇਸ ਲਈ ਕਰਾਉਂਦੀਆਂ ਹਨ ਕਿ ਇਸ ਨਾਲ ਜ਼ਿਆਦਾ ਨਫਾ ਹੁੰਦਾ ਹੈ ਅਤੇ ਚੀਜ਼ਾਂ ਦੀਆਂ ਕੀਮਤਾਂ ਉਤਾਂਹ — ਅਠਾਂਹ ਕਰਕੇ ਹੀ ਕਮਰਸ਼ਲ ਦਾ ਸਾਰਾ ਖ਼ਰਚ ਗਾਹਕਾਂ ਤੋਂ ਵਸੂਲ ਲੈਂਦੀਆਂ ਹਨ। ਮੁਫ਼ਤ ਟੀ. ਵੀ. ਵੇਖਣ ਜਾਂ ਵਿਖਾਉਣ ਦਾ ਤਾਂ ਇਕ ਝਾਉਲਾ ਹੈ। ਇਸ ਸਭ ਊਟ-ਪਟਾਂਗ ਦਾ ਖ਼ਰਚ ਤਾਂ ਆਮ ਲੋਕਾਂ ਦੇ ਪੱਲਿਓਂ ਜਾਂਦਾ ਹੈ।

ਟੀ. ਵੀ. ਕਮਰਸ਼ਲ ਵਿਚ ਆਮ ਤੌਰ ਤੇ ਜਿਹੜੇ ਤਰੀਕੇ ਵਰਤੇ ਜਾਂਦੇ ਹਨ ਉਹਨਾਂ ਵੱਲ ਵੀ ਖਾਸ ਧਿਆਨ ਦੇਣ ਦੀ ਲੋੜ ਹੈ। ਸਰਮਾਇਦਾਰ ਆਪਣੇ ਮੁਨਾਫੇ ਲਈ ਲੋਕਾਂ ਦੇ ਜਜ਼ਬਾਤਾਂ (ਇਮੋਸ਼ਨਜ਼) ਨਾਲ ਖੁੱਲ੍ਹੇ ਤੌਰ ਤੇ ਖੇਡਦੇ ਹਨ। ਮਿਸਾਲ ਵਜੋਂ ਉਨ੍ਹਾਂ ਨੇ ਮਸ਼ਹੂਰੀ ਚਾਹੇ ਕਾਰ ਦੇ ਪੁਰਜ਼ੇ ਦੀ, ਕਾਰ ਦੀ ਜਾਂ ਔਰਤਾਂ ਦੀਆਂ ਅੰਗੀਆਂ ਦੀ ਕਰਨੀ ਹੋਵੇ ਇਸ ਸਭ ਕੁੱਝ ਲਈ ਉਹ ਕਾਮ ਉਕਸਾਉ ਸੰਗੀਤ - ਲਿਬਾਸ ਤੇ ਵਾਰਤਾਲਾਪ ਦੀ ਵਰਤੋਂ ਕਰਨਗੇ। ਵੇਚਣੀ ਸਿਗਰਟ ਜਾਂ ਲੌਂਗ ਪਾਲਿਸ਼ ਹੁੰਦੀ ਹੈ ਤੇ ਕਮਰਸ਼ਲ ਵਿਚ ਸੁਹਣੀਆਂ ਤੋਂ ਸੁਹਣੀਆਂ ਮਾਡਲ ਕੁੜੀਆਂ ਤਰ੍ਹਾਂ ਤਰ੍ਹਾਂ ਦੇ ਕਾਮ ਉਕਸਾਉ ਪੋਜ਼ ਬਣਾਉਂਦੀਆਂ ਦਿਖਾਈਆਂ ਜਾਂਦੀਆਂ ਹਨ। ਅਤੇ ਇਹ ਕਮਰਸ਼ਲਾਂ ਹਰ ਕਿਸਮ ਦੇ ਲੋਕ ਵੇਖਦੇ ਹਨ ਤੇ ਉਨ੍ਹਾਂ ਵਿਚੋਂ ਬੱਚੇ, ਛੋਟੀ ਉਮਰ ਵਿਚ ਸਿਗਰਟਾਂ ਤੇ ਸ਼ਰਾਬ ਦੇ ਆਦੀ ਹੋ ਜਾਂਦੇ ਹਨ। (ਇਸੇ ਕਰਕੇ ਹੁਣ ਸ਼ਰਾਬ ਤੇ ਸਿਗਰਟ ਦੀ ਮਸ਼ਹੂਰੀ ਟੀ. ਵੀ. ਤੋਂ ਬੰਦ ਹੋ ਚੁੱਕੀ ਹੈ) ਕਈ ਮਾਨਸਿਕ ਰੋਗੀ ਜਦੋਂ ਕਾਮਿਕ ਕਮਰਸ਼ਲਾਂ ਵੇਖ ਕੇ ਆਪਣੇ ਆਪ ਤੇ ਕਾਬੂ ਨਹੀਂ ਰੱਖ ਸਕਦੇ ਤਾਂ ਉਹ ਬਾਹਰ ਜਾਕੇ ਜਬਰ- ਜਿਨਾਹ ਰੇਪ ਤੇ ਹੋਰ ਕਈ ਕਿਸਮ ਦੇ ਜੁਰਮ ਕਰਦੇ ਹਨ। ਅਮਰੀਕਾ ਅਤੇ ਕੈਨੇਡਾ ਵਿਚਲੇ 'ਕਰਾਈਮ - ਰੇਟ' ਨੂੰ ਵਧਾਉਣ ਵਿਚ ਟੀ. ਵੀ. ਕਮਰਸ਼ਲ ਦਾ ਵੀ ਕਾਫੀ ਹੱਥ ਹੈ।

ਕੀ ਇਸ਼ਤਿਹਾਰ ਬਾਜ਼ੀ ਕਾਨੂੰਨ ਰਾਹੀਂ ਬੰਦ ਕਰ ਦਿੱਤੀ ਜਾਵੇ? ਇਹ ਕੰਮ ਕਰਨ ਵਾਲੇ ਲੋਕਾਂ ਦਾ ਕੀ ਬਣੇਗਾ? ਇਹ ਸਵਾਲ ਕੁੱਝ ਲੋਕਾਂ ਨੂੰ ਜਵਾਬ ਹੀਣ ਕਰਦੇ ਲਗਦੇ ਹਨ ਜਾਂ ਫਿਰ ਚੱਕਰ ਵਿਚ ਜ਼ਰੂਰ ਪਾ ਦਿੰਦੇ ਹਨ। ਪਰ ਹਲ ਕੋਈ ਔਖਾ ਨਹੀਂ ਸਿਰਫ ਥੋੜਾ ਜਿਹਾ ਸੋਚਣ ਦੀ ਜ਼ਰੂਰਤ ਹੈ। ਇਕ ਗੱਲ ਤਾਂ ਸਿੱਧੀ ਹੈ ਕਿ 'ਫਰੀ ਇੰਟਰਪਰਾਈਜ਼' ਢਾਂਚਾ ਕਾਇਮ ਰੱਖ ਕੇ ਇਸ਼ਤਿਹਾਰ- ਬਾਜ਼ੀ ਬਿਲਕੁਲ ਬੰਦ ਕਰਨਾ ਤਾਂ 'ਵਾਲ ਦੀ ਖੱਲ' ਉਤਾਰਨ ਵਾਲੀ ਗੱਲ ਹੈ। ਸਰਮਾਇਦਾਰ ਮੁਲਕਾਂ ਵਿਚ ਇਸ਼ਤਿਹਾਰਬਾਜ਼ੀ ਦਾ ਖਾਤਮਾ ਆਪਣੇ ਆਪ ਵਿਚ ਵਿਰੋਧੀ ਗੱਲ ਹੈ। ਹਾਂ, ਇਸ ਨੂੰ ਘਟਾਉਣ ਬਾਰੇ ਗੱਲ ਕੀਤੀ ਜਾ ਸਕਦੀ ਹੈ। ਸੀ. ਆਰ. ਸੀ. ਟੀ. (ਕੈਨੇਡੀਅਨ ਰੇਡੀਓ ਅਤੇ ਟੈਲੀਵੀਜ਼ਨ ਕਮੀਸ਼ਨ) ਇਕ ਸਰਕਾਰੀ ਸੰਸਥਾ ਹੈ ਜੋ ਰੇਡੀਓ ਅਤੇ ਟੀ. ਵੀ ਉੱਤੇ ਸਾਰੇ ਪ੍ਰੋਗਰਾਮਾਂ ਨੂੰ ਕੰਟਰੋਲ ਕਰਦੀ ਹੈ। ਟੀ. ਵੀ ਕਮਰਸ਼ਲ ਕਿਸ ਤਰ੍ਹਾਂ ਦੀ ਅਤੇ ਕਿਤਨਾ ਸਮਾਂ ਆਦਿ, ਇਸ ਸੰਸਥਾ ਦੇ ਵੱਸ ਹੈ। ਇਸ ਕੋਲ ਲੋਕਾਂ ਵਲੋਂ ਫਰਿਆਦ ਕਰਨ ਨਾਲ ਸ਼ਾਇਦ ਕਮਰਸ਼ਲ ਕੁੱਝ ਘੱਟ ਹੋ ਸਕੇ। ਪ੍ਰੰਤੂ ਇਹ ਸੰਸਥਾ ਸਮੇਂ ਦੀ ਸਰਕਾਰ ਦੇ ਇਸ਼ਾਰੇ ਉੱਤੇ ਚਲਦੀ ਹੈ ਅਤੇ ਸਮੇਂ ਦੀ ਸਰਕਾਰ ਵੱਡੀਆਂ ਵੱਡੀਆਂ 'ਕਾਰਪੋਰੇਸ਼ਨਜ਼' ਦੇ ਇਸ਼ਾਰੇ ਉੱਤੇ। ਇਸ ਲਈ ਫਰਿਆਦ ਕਰਨ ਨਾਲ ਵੀ ਕੋਈ ਫਰਕ ਨਹੀਂ ਪੈਣਾ ਸਗੋਂ ਇਕ ਹੋਰ ਕਮੀਸ਼ਨ ਲੋਕਾਂ ਦੇ ਟੈਕਸ-ਫੰਡ ਵਿਚੋਂ ਬਿਠਾ ਦਿੱਤਾ ਜਾਇਗਾ ਕਿ 'ਟੀ. ਵੀ. ਕਮਰਸ਼ ਘੱਟ ਕੀਤੀਆਂ ਜਾਣ ਜਾਂ ਨਾਂ'।

ਦੂਸਰੇ ਪਾਸੇ ਵੱਡਾ ਬਿਜ਼ਨਿਸ ਤਬਕਾ ਇਹ ਕਹਿ ਰਿਹਾ ਹੈ ਕਿ ਲੋਕਾਂ ਕੋਲ ਟੀ. ਵੀ. ਉੱਤੇ ਕਮਰਸ਼ਲ ਵੇਖਣ ਜਾਂ ਨਾ ਵੇਖਣ ਦੀ ਪੂਰੀ "ਚੋਣ- ਅਜ਼ਾਦੀ" ਹੈ। ਕੋਈ ਵੀ ਚੀਜ਼ ਲੋਕਾਂ ਉੱਤੇ ਠੋਸੀ ਨਹੀਂ ਜਾਂਦੀ ਸਭ ਕੁੱਝ ਗਾਹਕਾਂ ਦੀ ਮੰਗ ਮੁਤਾਬਿਕ ਹੋ ਰਿਹਾ ਹੈ। ਉਹ ਗਾਹਕ ਨੂੰ ਬਾਦਸ਼ਾਹ ਦੱਸ ਕੇ ਕਈ ਹੋਰ ਅਜ਼ਾਦੀਆਂ ਦੇ ਨਾਮ ਲੈਂਦੇ ਹਨ ਜਿਵੇਂ "ਕਨਜ਼ਿਉਮਰਜ਼ ਫਰੀਡਮ ਆਫ ਚੋਇਸ", 'ਕਨ- ਜ਼ਿਉਮਰਜ਼ ਸੌਵਰੇਨਟੀ', "ਕਨਜ਼ਿਉਮਰਜ਼ ਫਰੀਡਮ" ਆਦਿ ਆਦਿ। ਅਮਰੀਕਾ ਦੇ 'ਇਕੋਨੋਮਿਸਟ' ਪਾਲ ਬਰਾਨ ਨੇ ਸਰਮਾਇਦਾਰ ਮੁਲਕਾਂ ਵਿਚ ਗਾਹਕ ਦੀ 'ਚੋਣ- ਅਜ਼ਾਦੀ' ਵਾਰੇ ਕਿਹਾ ਹੈ, "ਜਿਵੇਂ ਕਿਸੇ ਨੂੰ ਮੌਤ ਦੀ ਸਜ਼ਾ ਦੇ ਕੇ ਉਸਦੀ 'ਚੋਣ- ਅਜ਼ਾਦੀ' ਬਾਰੇ ਪੁੱਛਿਆ ਜਾਵੇ ਕਿ ਤੂੰ ਫਾਂਸੀ ਉੱਤੇ ਲਟਕਣਾ ਹੈ ਜਾਂ ਕਿ ਗੋਲੀ ਨਾਲ ਮਰਨਾ ਹੈ"।

ਸਾਰੀ ਗੱਲ ਫਿਰ ਮੁੜਕੇ ਲੋਕਾਂ ਉੱਤੇ ਆਉਂਦੀ ਹੈ ਕਿ ਕੀ ਉਹ ਇਹ ਸਾਰੇ ਔਗੁਣ ਜਾਣਦੇ ਹੋਏ ਵੀ ਟੀ. ਵੀ. ਕਮਰਸ਼ਲ ਦੇ ਹੱਕ ਵਿਚ ਬੋਲਣ ਵਾਲਿਆਂ ਦਾ ਪਾਸਾ ਲੈਂਦੇ ਹਨ।

# ਦਰਪਣ

ਖ਼ਤ

ਤੁਸੀਂ ਅਜਿਹੇ ਮੁਲਕ ਵਿਚ ਜੀਂਦੇ ਤੁਰਦੇ ਹੋ ਜਿਥੇ ਜਮਾਤੀ ਟਕਰਾਂ ਜਾਰੀ ਰਹਿੰਦੀਆਂ ਹਨ, ਜਿਥੇ ਜਮਾਤੀ ਜੁਧ ਤੁਹਾਡੇ 'ਵਤਨ' ਨਾਲੋਂ ਵੱਧ ਵਿਕਸਤ ਰੂਪ ਵਿਚ ਪ੍ਰਾਪਤ ਹੈ। ਪਰ ਤੁਹਾਡਾ ਪਰਚਾ ਲੁਧਿਆਣੇ ਜਾਂ ਦਿੱਲੀ, ਅੰਮ੍ਰਿਤਸਰ ਵਿਚ ਛਪੇ ਮਾਲ ਪਹਿਲਾਂ ਛਪਦੇ ਪਰਚਿਆਂ ਵਰਗਾ ਹੈ। ਜਮਾਤੀ ਜੁਧ ਨੂੰ ਤਿੱਖਿਆਂ ਕਰਨ ਵਾਲੇ ਤੁਹਾਡੇ ਮੁਲਕ ਦੇ ਵਿਦਵਾਨਾਂ ਦਾ ਕੋਈ ਪਰਚਾ ਦੇਖਣ ਵਿਚ ਘੱਟ ਵੱਧ ਹੀ ਆਇਆ ਹੈ, ਕੈਨੇਡੀਅਨ ਤੇ ਪੰਜਾਬੀ ਸਾਹਿਤ ਬਾਰੇ ਕੋਈ ਤੁਲਨਾਤਮਕ ਟਿੱਪਣੀਆਂ ਨਹੀਂ ਆਇਆ। ਜੇ ਤਾਂ ਤੁਹਾਡੀ ਆਪਣੇ ਕੁਝ ਲੇਖਕਾਂ ਨੂੰ ਸਿਰਫ ਛਾਪਣ ਦੀ ਲਾਲਸਾ ਹੈ ਫੇਰ ਤਾਂ ਤੁਸੀਂ ਸੋ ਠੀ ਸਹੀ ਰਾਮਬਾਣ ਹੋ, ਕਿਉਂਕਿ PRODUCTION ਦੇ ਹਿਸਾਬ ਨਾਲ ਏਧਰ ਅਜਿਹਾ ਪਰਚਾ ਛਪਣਾ ਮੁਸ਼ਕਿਲ ਜਾਪਦਾ ਹੀ ਹੈ। ਜੇ ਤੁਸੀਂ ਸਾਹਿਤਕ ਪਾਲ-ਕਮਾਈ ਦੇ ਸਿਲਸਿਲੇ ਦੀ ਚਾਹਨਾ ਹੈ ਫੇਰ ਕਦਮ ਰੱਖਕੇ ਏਧਰ ਦਾ ਕੋਈ ਸੰਪਾਦਕ ਵੀ ਰੱਖੋ, ਪਰਚੇ ਏਧਰ ਭੇਜਣ ਦਾ ਪ੍ਰਬੰਧਕ ਵੀ ਕਰੋ, ਤੇ ਕਵਿਤਾ ਕਹਾਣੀ 'ਤੇ ਜ਼ੋਰ ਵੀ ਘੱਟ ਕਰ ਦਿਓ। ਕੈਨੇਡਾ ਦੀਆਂ ਫਿਲਮਾਂ, ਸਭਿਆਚਾਰ ਤੇ ਇਥੋਂ ਦੀਆਂ ਕੁਰਸੀਆਂ ਜਮਾਤਾਂ ਬਾਰੇ ਟਿੱਪਣੀਆਂ ਵੀ ਹੋਣ। ਬਾਕੀ ਤੁਸੀਂ ਸਮਝ ਸਿਆਣੇ ਹੋ। ਇਕ ਸੁਝਾਅ ਹੋਰ! ਅੱਤਰ ਜਿਹਾ ਉਪਰ ਕਾਗਜ਼ ਦਾ ਲਗਦਾ ਹੈ ਨਾ, ਉਸ ਦਾ ਕੋਈ ਹੋਰ ਬਦਲ ਲੱਭ ਲਓ।

ਸ਼ਹਰਯਾਰ ਅੰਮ੍ਰਿਤਸਰ, ਪੰਜਾਬ

ਪਿਆਰੇ ਵੀਰਜੀ। ਤੁਹਾਡਾ ਉਦਮ ਵੇਖਕੇ ਸਿਰ ਝੁਕਦਾ ਹੈ - ਪੰਜਾਬੀ ਨੂੰ ਕੋਈ ਖ਼ਤਮ ਨਹੀਂ ਕਰ ਸਕਦਾ - ਇਹ ਸਰੀਰ ਦੀ ਵੱਡੀ ਚੰਗੀ ਚਾਲ ਰਹੀ ਹੈ - ਤੁਸੀਂ ਜੋ ਨਿੱਕਾ ਜਾ ਰਹੇ ਹੋ ਅਮੁੱਲ ਹੈ -

ਕੁਲਬੀਰ ਸਿੰਘ ਕਾਂਗ
54 ਅਜੀਤ ਨਗਰ, ਅੰਮ੍ਰਿਤਸਰ (INDIA)

ਤੁਹਾਡਾ ਪਿਆਰਾ ਪਰਚਾ 'ਵਤਨੋਂ ਦੂਰ' ਹੁਣ ਬਾਕਾਇਦਗੀ ਨਾਲ ਮੈਨੂੰ ਮਿਲ ਰਿਹਾ ਹੈ। ਮੈਂ ਕਿਹਾ ਨਾ ਸ਼ੁਕਰਗੁਜ਼ਾਰ ਹਾਂ ਕਿ ਹੁਣ ਤਕ ਆਪ ਨੂੰ ਆਪਣੀਆਂ ਰਚਨਾਵਾਂ ਭੇਜਕੇ ਤੁਹਾਡੇ ਪਰਚੇ ਨਾਲ ਕਲਮੀ-ਸਾਂਝ ਨਹੀਂ ਪਾ ਸਕਿਆ। ਜੋ ਕਲਮ ਉਤਾਰਨ ਦਾ ਮਨ ਬਣਾ ਲਿਆ ਹੈ।... ਗੁਰਚਰਨ ਰਾਮਪੁਰੀ ਛੇ ਮਹੀਨੇ ਤੋਂ ਚੁੱਪ ਹੈ। ਖ਼ਤ ਦਾ ਉੱਤਰ ਵੀ ਨਹੀਂ ਦੇਂਦਾ, ਉਸ ਨੂੰ ਕੀ ਹੋ ਗਿਆ ਹੈ?

ਸੁਰਜੀਤ ਰਾਮਪੁਰੀ
ਸਿੱਖ ਸਟ੍ਰੀਟ, ਨਾਭਾ, ਪੰਜਾਬ (INDIA)

ਨਵੰਬਰ 77 ਅੰਕ ਵਿਸ਼ੇਸ਼ ਤੌਰ ਤੇ ਪਸੰਦ ਆਇਆ। ਅਜਮੇਰ ਰੋਡੇ ਦਾ ਕਾਲਮ 'ਆਪਣੇ ਲੋਕ', ਸਾਧੂ ਦਾ ਵਿਅੰਗ 'ਸੁਆਗਤੀ ਭਾਸ਼ਣ', ਤੇ ਦਲਬੀਰ ਚੇਤਨ ਦੀ ਕਹਾਣੀ 'ਇਕ ਵਾਰੀ ਫਿਰ' ਬਹੁਤ ਹੀ ਉਮਦਾ ਰਚਨਾਵਾਂ ਸਨ। ਅਨੁਵਾਦਿਤ ਕਹਾਣੀ ਵੀ ਪਸੰਦ ਆਈ।

ਪੰਜਾਬ ਤੋਂ ਇਤਨੀ ਦੂਰ! ਤੇ ਪੰਜਾਬੀ ਦੇ ਇਤਨਾ ਨੇੜੇ!! ਵਧਾਈ ਕਬੂਲ ਕਰੋ।

ਗੁਰਬੀਰ ਸਿੰਘ ਭਾਟੀਆ
ਭਾਟੀਆ ਬੁੱਕ ਸੈਂਟਰ, ਦੁਰਗ, ਮੱਧ ਪ੍ਰਦੇਸ਼

ਮੈਨੂੰ ਆਪਜੀ ਦਾ ਮੈਗਜ਼ੀਨ 'ਵਤਨੋਂ ਦੂਰ' ਪੜ੍ਹਨ ਦਾ ਮੌਕਾ ਮਿਲਿਆ। ਇਸ ਵਿਚ ਬਹੁਤ ਸਾਰਾ ਕੀਮਤੀ ਤੱਤ ਮੈਨੂੰ ਇਉਂ ਜਿਹਾ ਲੱਗਾ ਜੋ ਮੌਜੂਦਾ ਸਰਮਾਏਦਾਰੀ ਸਮਾਜ ਤੇ ਸੱਟ ਮਾਰਦਾ ਹੈ। ਵਿਦੇਸ਼ ਵਿਚ ਤੁਹਾਡੇ ਇਸ ਉੱਦਮ ਦੀ ਮੈਂ ਸ਼ਲਾਘਾ ਕਰਦਾ ਹਾਂ ਤੇ ਆਸ ਰਖਦਾ ਹਾਂ ਕਿ ਤੁਹਾਡਾ ਇਹ ਉੱਦਮ ਭਵਿੱਖ ਵਿਚ ਹੋਰ ਤਰੱਕੀ ਕਰੇ।

ਸੁਖਦੇਵ ਉਪਲ
1325 SLOAN AVE, PRINCE RUPERT.

ਪਹਿਲਾਂ ਤਾਂ ਮੈਂ ਆਪਨੂੰ ਵਤਨੋਂ ਦੂਰ ਦੀ ਸਫਲਤਾ ਦੀ ਬਹੁਤ ਬਹੁਤ ਵਧਾਈ ਦਿੰਦਾ ਹਾਂ। ਮੈਂ ਵਤਨੋਂ ਦੂਰ ਦਾ ਬਹੁਤ ਸ਼ੌਕੀਨ ਹਾਂ। ਇਸ ਨੂੰ ਪੜ੍ਹਕੇ ਬਿਲਕੁਲ ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਜਿਸ ਤਰ੍ਹਾਂ ਇੰਡੀਆ ਹੀ ਬੈਠੇ ਹਾਂ।

ਪੱਮੀ ਪਰਮਾਰ
2400 EWERT CRST. PRINCE GEORGE.

ਵਤਨੋਂ ਦੂਰ ਦੇ ਪਰਚੇ ਲਗਾਤਾਰ ਮਿਲ ਰਹੇ ਹਨ। ਪੜ੍ਹਨ ਲੱਗਿਆਂ ਤੇ ਬਹੁਤ ਛੇਤੀ ਖਤਮ ਹੋ ਜਾਂਦਾ ਹੈ। ਇਸ ਲਈ ਹੋਰ ਸਫ਼ੇ ਵਧਾਉਣ ਦੀ ਲੋੜ ਆ। ਪ੍ਰਦੇਸੀ ਮੰਚਾਂ ਦਾ ਆਪਣੇ ਰਸਾਂ ਵਿਚੋਂ ਵਿਹਲ ਕੱਢ ਕੇ 'ਵਤਨੋਂ ਦੂਰ' ਨੂੰ ਸਮਾਂ ਦੇਣ ਦਾ ਉੱਦਮ ਸ਼ਲਾਘਾਯੋਗ ਹੈ। ਸਾਧੂ ਦਾ 'ਸਵਾਗਤੀ ਭਾਸ਼ਣ' ਚੰਗਾ ਹੈ।

ਹਰਿੰਦਰ ਗਰੇਵਾਲ
ਫੋਰਟ ਨੈਲਸਨ, ਬੀ. ਸੀ.

# ਵਤਨੋਂ ਦੂਰ — ਕੁਝ ਸੂਚਨਾਵਾਂ

- **NEW ADDRESS OF WATNO DUR:—**

**WATNO DUR**
P.O. Box 67681
Postal Station 'O'
Vancouver, B.C. V5W 3V2

- ਜਨਵਰੀ 1978 ਤੋਂ ਸ੍ਰੀ ਤਾਰਾ ਸਿੰਘ ਹੇਅਰ ਵਤਨੋਂ ਦੂਰ ਦੇ ਪ੍ਰਕਾਸ਼ਕ ਨਹੀਂ ਰਹੇ।

- ਜਿਵੇਂ ਕਿ ਸਾਰੇ ਪਾਠਕ ਜਾਣਦੇ ਹੀ ਹਨ ਪਿਛਲੇ ਸਾਲਾਂ ਵਿਚ ਹਰ ਵਸਤੂ ਦਾ ਭਾਅ ਲਗਾਤਾਰ ਵਧਦਾ ਗਿਆ ਹੈ ਪਰ ਕਾਗ਼ਜ਼ ਛਪਾਈ ਤੇ ਡਾਕ ਖਰਚ ਵਿਚ ਲਗਾਤਾਰ ਵਾਧਾ ਹੋਣ ਦੇ ਬਾਵਜੂਦ ਵੀ ਅਸੀਂ ਵਤਨੋਂ ਦੂਰ ਦਾ ਸਾਲਾਨਾ ਚੰਦਾ ਹੁਣ ਤਕ ਪੰਜ ਡਾਲਰ ਹੀ ਰੱਖਿਆ ਹੈ। ਹੁਣ ਸਾਨੂੰ ਹੇਠ ਲਿਖੇ ਕਾਰਣ ਕਰਕੇ ਚੰਦੇ ਵਿਚ ਦੋ ਡਾਲਰ ਵਾਧਾ ਕਰਨਾ ਪਿਆ ਹੈ:

  > ਵਤਨੋਂ ਦੂਰ ਨੂੰ ਇਸ ਦੇ ਮੌਜੂਦਾ ਰੂਪ ਵਿਚ ਚਲਦਾ ਰਖਣ ਲਈ ਸਾਨੂੰ ਇਸਦੇ ਪਿਛਲੇ ਪ੍ਰਕਾਸ਼ਕ ਨੂੰ ਪੰਜ ਹਜ਼ਾਰ (5000) ਡਾਲਰ ਦੇਕੇ ਪ੍ਰਕਾਸ਼ਨ ਅਧਿਕਾਰ ਖ਼ਰੀਦਣੇ ਪਏ ਹਨ। ਇਸ ਤੋਂ ਇਲਾਵਾ ਵਤਨੋਂ ਦੂਰ ਲਈ 1978 ਤੇ 1979 ਦੇ ਸਾਲਾਂ ਲਈ ਆਏ ਚੰਦਿਆਂ ਦੇ ਪੈਸੇ ਵੀ ਸਾਨੂੰ ਪਹਿਲੇ ਪ੍ਰਕਾਸ਼ਕ ਵੱਲੋਂ ਨਹੀਂ ਮਿਲੇ।

  ਪਰ ਅਸੀਂ ਆਪਣੇ ਸਾਰੇ ਪਾਠਕਾਂ ਤੇ ਸਨੇਹੀਆਂ ਨੂੰ ਵਿਸ਼ਵਾਸ਼ ਦੁਆਉਣਾ ਚਾਹੁੰਦੇ ਹਾਂ ਕਿ ਵਤਨੋਂ ਦੂਰ ਉਨ੍ਹਾਂ ਨੂੰ ਪਹਿਲਾਂ ਵਾਂਗ ਹੀ ਲਗਾਤਾਰ ਮਿਲਦਾ ਰਹੇਗਾ।

# ਪ੍ਰੇਮ-ਪੱਤਰ

ਮਿੰਨੀ ਸਥਾਈ ਕਾਲਮ

• ਰਮਜੀਤ ਪ੍ਰਮਾਣ

ਕੈਨੇਡਾ ਤੋਂ ਪੰਜਾਬ ਗਏ ਨੂੰ ਉਹਨੂੰ ਹਾਲੇ ਹਫ਼ਤਾ ਕੁ ਹੀ ਹੋਇਆ ਸੀ ਕਿ ਉਸ ਨੇ ਨਵਾਂ ਮੋਟਰ-ਸਾਈਕਲ ਖਰੀਦ ਲਿਆ ਤਾਂ ਜੋ ਥਾਂ ਤੇ ਆਉਣ ਜਾਣ ਦੀ ਮੌਜ ਰਹੇ; ਬੱਸਾਂ 'ਚ ਵੀ ਕਿਹੜਾ ਸੀਟ ਮਿਲਦੀ ਸੀ, ਚਾਰੇ ਪਾਸੇ ਧਕੀਚੀ-ਮਕੀਚੀ ਪੈਂਦੀ ਸੀ, ਨਾਲੇ ਕੰਡਕਟਰਾਂ ਨਾਲ ਕਿਤੇ ਮਗਜ਼-ਖਪਾਈ ਕਰਨੀ ਸੌਖੀ ਐ? ਉਹ ਵੀ ਕਿਹੜਾ ਕਿਸੇ ਦੀ ਸੁਣਦੇ ਐ। ਬਾਹਰੋਂ ਗਿਆ ਬੰਦਾ ਇਹੋ ਜਿਹੇ ਨਿੱਕੇ ਮੋਟੇ ਆੜਕੇ-ਮੜਕੇ ਤੋਂ ਡਰਦਾ ਹੀ ਰਹਿੰਦੈ। ਮੋਟਰ ਸਾਈਕਲ ਲੈ ਕੇ ਉਹਨੇ ਇਕ ਚੈਨ ਜਿਹੀ ਮਹਿਸੂਸ ਕੀਤੀ।

ਅੱਜ ਉਹ ਸ਼ਹਿਰੋਂ ਵਾਪਸ ਆ ਰਿਹਾ ਸੀ। ਸ਼ਹਿਰ ਦੇ ਪੁਲ ਦੀ ਚੜ੍ਹਾਈ ਚੜ੍ਹਦਿਆਂ ਹੀ ਉਸ ਨੇ ਬੱਸਾਂ, ਕਾਰਾਂ, ਤੇ ਟਰੱਕਾਂ ਦੀ ਇਕ ਲੰਮੀ ਕਤਾਰ ਵੇਖੀ ਤੇ ਉਹ ਵੀ ਉਸ ਕਤਾਰ ਵਿਚ ਦਾਖ਼ਿਲ ਹੋ ਗਿਆ। ਪੁਲ ਲਾਗੇ ਇਕ ਸਿਪਾਹੀ ਹਰੇਕ ਕਾਰ, ਬੱਸ ਤੇ ਟਰੱਕ ਵਾਲੇ ਤੋਂ ਦਸ ਰੁਪਏ ਦਾ ਨੋਟ ਫੜੀ ਜਾਂਦਾ ਸੀ, ਉਸ ਸੋਚਿਆ ਇਹ ਵੀ ਸਰਕਾਰੀ, ਇਕ ਰਿਵਾਜ਼ ਹੋਣਾ। ਏਨੇ ਨੂੰ ਉਸ ਦੀ ਵਾਰੀ ਵੀ ਆ ਗਈ। ਸਿਪਾਹੀ ਨੇ ਮੋਟਰ-ਸਾਈਕਲ ਦੇ ਅਗਲੇ ਪਹੀਏ 'ਤੇ ਡੰਡਾ ਮਾਰਦੇ ਨੇ ਕਿਹਾ, "ਕੱਢ ਬਈ ਦਸਾਂ ਦਾ ਪੱਤਾ ਸਿੰਘਾ।"

"ਕਾਹਦੇ ਲਈ?" ਉਸ ਹੈਰਾਨੀ ਦੇ ਭਾਵ 'ਚ ਪੁੱਛਿਆ।

"ਤੈਨੂੰ ਨੀ ਪਤਾ ਅਸੀਂ ਟ੍ਰੈਫ਼ਿਕ ਆਲੇ ਆਂ; ਅੱਜ ਪੁਲ 'ਤੇ ਹਰੇਕ ਮਸ਼ੀਨ ਚੈੱਕ-ਅੱਪ ਹੁੰਦੀ ਆ,"

ਸਿਪਾਹੀ ਰੋਅਬ 'ਚ ਤਿੜਕਿਆ।

"ਚੈੱਕ-ਅੱਪ ਕਾਹਦੀ? ਮੈਂ ਤਾਂ ਅਜੇ ਚਾਰ ਦਿਨ ਹੋਏ ਨੇ ਨਵਾਂ ਮੋਟਰ-ਸਾਈਕਲ ਲਿਆਂ ਤੇ ਇਹਦੇ ਕਾਗ਼ਜ਼ਾਤ ਵਗੈਰਾ ਸਭ ਠੀਕ ਠਾਕ ਨੇ,..."

ਉਹਦੀ ਗੱਲ ਅਜੇ ਵਿਚਾਲੇ ਹੀ ਸੀ ਕਿ ਸੜਕ ਤੋਂ ਥੋੜ੍ਹੀ ਜਿਹੀ ਹਟਵੀਂ ਟਾਹਲੀ ਥੱਲੇ ਕੁਰਸੀ 'ਤੇ ਬੈਠੇ ਥਾਣੇਦਾਰ ਨੇ ਰੁੱਖੀ ਜਿਹੀ ਆਵਾਜ਼ 'ਚ ਕਿਹਾ, "ਜੇ ਅੜੀ ਕਰਦੈ ਤਾਂ ਮੇਰੇ ਕੋਲ ਭੇਜ ਇਹਨੂੰ ਮੈਂ ਦਿਆਂ ਪ੍ਰੇਮ-ਪੱਤਰ।" ਏਨਾ ਸੁਣਦਿਆਂ ਸਾਰ ਹੀ ਸਿਪਾਹੀ ਉਹਨੂੰ ਥਾਣੇਦਾਰ ਪਾਸ ਲੈ ਗਿਆ।

"ਹਾਂ, ਕੱਢ ਬਈ ਰਜਿਸਟ੍ਰੇਸ਼ਨ," ਥਾਣੇਦਾਰ ਅਫ਼ਸਰਾਨਾ ਜਿਹੀ 'ਚ ਬੋਲਿਆ।

"ਰਜਿਸਟ੍ਰੇਸ਼ਨ ਤੇ ਬਾਕੀ ਟੈਕਸ ਦੇ ਕਾਗ਼ਜ਼ ਵੀ ਸਭੀ ਹਨ, ਮੈਂ ਪਹਿਲਾਂ ਹੀ ਤੁਹਾਡੇ ਸਿਪਾਹੀ ਨੂੰ ਦਿਖਾ ਦਿੱਤੇ ਹਨ," ਉਸਨੇ ਥੋੜ੍ਹੇ ਤਹੱਮਲ ਨਾਲ ਕਿਹਾ।

"ਜੇ ਤੈਂ ਸਿਪਾਹੀ ਨਾਲ ਗੱਲ ਕਰਨੀ ਹੁੰਦੀ ਉਥੇ ਹੀ ਕਰ ਲੈਂਦਾ; ਜਿਹੜਾ ਮੇਰੇ ਕੋਲ ਆ ਜਾਏ ਮੇਰਾ ਕੰਮ ਤਾਂ ਉਹਨੂੰ ਪ੍ਰੇਮ-ਪੱਤਰ (ਚਲਾਨ) ਦੇਣਾ ਹੀ ਹੈ।"

"ਆਹ ਫੜ ਰਜਿਸਟ੍ਰੇਸ਼ਨ," ਉਹ ਗੁੱਸੇ 'ਚ ਕਾਗ਼ਜ਼ਾਤ ਥਾਣੇਦਾਰ ਵੱਲ ਵਧਾਉਂਦਾ ਬੋਲਿਆ, "ਮੈਂ ਕੈਨੇਡਾ ਤੋਂ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਆਇਆ ਹਾਂ, ਜੇ ਤੈਂ ਮੇਰਾ ਚਲਾਨ ਨਜਾਇਜ਼ ਕੀਤਾ ਤਾਂ ਮੈਂ ਤੁਹਾਨੂੰ ਕੋਰਟ ਵਿਚ ਲੈ ਜਾਵਾਂਗਾ।" ਥਾਣੇਦਾਰ ਤੇ ਸਿਪਾਹੀ ਇਕ ਦੂਜੇ ਦੇ ਮੂੰਹ ਵੱਲ ਵੇਖਣ ਲੱਗ ਪਏ ਤੇ ਸਿਪਾਹੀ ਮੌਕੇ ਨੂੰ ਸਾਂਭਦਾ ਨਰਮੀ ਨਾਲ ਬੋਲਿਆ,

"ਜੇ ਬਈ ਤੂੰ ਕਨੇਡਾ ਤੋਂ ਆਇਆ ਏਂ, ਆਹ ਮੋਟਰ-ਸਾਈਕਲ ਤਾਂ ਹਿੰਦੁਸਤਾਨੀ ਆ, ਚਲ ਤੂੰ ਪੰਜ ਰੁਪਈਏ ਹੀ ਦੇ ਦੇ।"

—.—.—.—.—

ਮਿੰਨੀ ਕਹਾਣੀ

ਰਘਬੀਰ ਮਾਂਡ

ਮੁੰਡਿਆਂ ਨੂੰ ਭੰਗੜੇ ਲਈ ਇਕੱਠੇ ਹੋਣ ਲਈ ਥਾਂ ਦੀ ਲੋੜ ਸੀ। ਸੋਚਿਆ, ਚਲੋ ਆਪਣੇ ਗੁਰਦੁਆਰੇ ਬੇਸਮੈਂਟ ਵਿਚ ਕਾਫ਼ੀ ਜਗ੍ਹਾ ਹੈ ਉਸ ਨੂੰ ਵਰਤ ਲਵਾਂਗੇ। ਪ੍ਰਬੰਧਕਾਂ ਨਾਲ ਗੱਲ ਬਾਤ ਹੋਈ "ਅਸੀਂ ਗੁਰੂ ਘਰ ਨੂੰ ਕੰਜਰਖਾਨਾ ਨਹੀਂ ਬਣਾਉਣਾ ਇਥੇ ਕੋਈ ਭੰਗੜਾ ਭੁੰਗੜਾ ਨਹੀਂ ਪਾ ਸਕਦਾ" ਇਹ ਜਵਾਬ ਮਿਲਿਆ ਸੀ। ਉਹ ਨੌਜਵਾਨ ਮੁੰਡੇ ਜੋ ਪੰਜਾਬ ਤੋਂ ਆ ਕੇ ਵੀ ਇਥੇ ਚਿੱਟੇ ਲੋਕਾਂ ਵਿਚ ਰਹਿ ਕੇ ਆਪਣੀ ਸਭਿਅਤਾ ਨੂੰ ਕਾਇਮ ਰੱਖਣਾ ਚਾਹੁੰਦੇ ਸਨ, ਉਹ ਆਪਣੀ ਹੀ ਕਮਿਊਨਿਟੀ ਦੇ ਮੋਹਰੀਆਂ ਕੋਲੋਂ ਇਹ ਜਵਾਬ ਸੁਣ ਕੇ ਬੜੇ ਨਿਰਾਸ਼ ਹੋਏ ਸਨ। ਅਜ ਕਾਫ਼ੀ ਦੇਰ ਬਾਅਦ ਗੁਰਦੀਪ ਦੇ ਫ਼ੋਨ ਆਉਣ ਤੇ ਮੈਨੂੰ ਇਹ ਗੱਲ ਫਿਰ ਯਾਦ ਆ ਗਈ, ਗੁਰਦੀਪ ਨੇ ਦੱਸਿਆ ਕੇ ਗੁਰਦੁਆਰੇ ਭਾਈ ਦੇ ਬਿਸਤਰੇ ਵਿਚੋਂ ਸ਼ਰਾਬ ਤੇ ਨੰਗੀਆਂ ਤਸਵੀਰਾਂ ਮਿਲੀਆਂ ਹਨ।

—.—

## ਅਵਾਜ਼ ਸਾਫ਼ ਹੋ ਗਈ।

**— ਅਮਰਜੀਤ ਚਾਹਲ**

ਬਜ਼ੁੱਰਗ ਨੇ ਸੁਣਨ ਸ਼ਕਤੀ ਤੇ ਜ਼ੋਰ ਦਿੱਤਾ। ਪਰ ਅਵਾਜ਼ ਉਸੇ ਤਰ੍ਹਾਂ ਦੀ ਹੀ ਆ ਰਹੀ ਸੀ। ਉਸ ਕੰਨਾਂ ਵਿਚ ਉਂਗਲ ਫੇਰੀ ਤੇ ਕੰਨਾਂ ਨੂੰ ਕੰਨਾਂ ਦੀਆਂ ਕਰੂੰਬਲਾਂ ਤੋਂ ਫੜਕੇ ਥੋੜਾ ਥੋੜਾ ਹੇਠਾਂ ਨੂੰ ਖਿਚਿਆ। ਸ਼ਾਇਦ ਕੋਈ ਫ਼ਰਕ ਪੈ ਜਾਵੇ। ਪਰ ਅਵਾਜ਼ ਅਜੇ ਵੀ ਉਸ ਤਰ੍ਹਾਂ ਦੀ ਹੀ ਆ ਰਹੀ ਸੀ। ਕੋਈ ਫ਼ਰਕ ਨਹੀਂ ਪਿਆ ਸੀ। ਲੰਮਾ ਪਿਆ, ਅਰਾਮ ਕਰਦਾ ਬਜ਼ੁੱਰਗ ਬੇਅਰਾਮ ਹੋ ਗਿਆ।

ਅਗਲੇ ਮਹੀਨੇ ਕਣਕਾਂ ਨੂੰ ਵਾਢੀ ਪੈ ਜਾਣੀ ਸੀ। ਅੱਜ ਸਕੂਲੋਂ ਪਾੜ੍ਹਿਆਂ ਨੂੰ ਵੀ ਛੁੱਟੀ ਸੀ। ਉਸ ਸੋਚਿਆ ਸੀ, ਵਿਹਲੇ ਮੁੰਡਿਆਂ ਉਂਝ ਤੇ ਖਰੂਦ ਹੀ ਕਰਨਾ, ਇਨ੍ਹਾਂ ਨੂੰ ਕੰਮ ਲਾਉਂਦਾ ਹਾਂ। ਕੱਲ ਤਕਾਲੀਂ ਉਸ ਨੇ ਬਗੜ੍ਹ ਪਾਣੀ ਵਿਚ ਭਿਉਂ ਦਿਤੀ ਸੀ। ਸਵੇਰ ਤੋਂ ਪਾੜ੍ਹਿਆਂ ਨੂੰ ਨਾਲ ਲੈ ਬੇੜ- ਵੱਟਦਾ ਰਿਹਾ ਸੀ। ਦੁਪਿਹਰ ਤੋਂ ਬਾਅਦ ਮੁੰਡਿਆਂ ਨੇ ਆਪਣੇ ਨਾਂਉਣ-ਧੋਣ ਲਈ ਅਤੇ ਕੁਝ ਸਕੂਲ ਤੋਂ ਮਿਲਿਆ ਕੰਮ ਕਰਨ ਲਈ, ਹੋਰ ਬੇੜ ਵੱਟਣੋਂ ਇਨਕਾਰ ਕਰ ਦਿਤਾ। ਉਂਝ ਦਿਨ ਵੀ ਬਾਕੀ ਥੋੜਾ ਹੀ ਰਹਿੰਦਾ ਸੀ। ਉਸ ਵੀ ਬਹੁਤਾ ਜ਼ੋਰ ਨਾ ਦਿਤਾ। ਛਾਮ ਰੋਟੀ-ਪਾਣੀ ਤੋਂ ਵਿਹਲਾ ਹੋ, ਅਰਾਮ ਕਰਨ ਲਈ ਉਹ ਕੋਠੇ ਉਤੇ ਹਵਾ-ਹਾਰੇ ਮੰਜੇ ਤੇ ਲੇਟ ਗਿਆ।

ਫਿਰ ਉਸ ਦੇ ਕੰਨਾਂ ਨੇ ਕੁਝ ਭੌਂਕਣ ਵਰਗੀ ਅਵਾਜ਼ ਸੁਣੀ। ਉਸ ਜ਼ੋਰ ਪਾਇਆ ਆਪਣੀ ਸੋਚਣ ਸ਼ਕਤੀ ਤੇ। ਪਰ ਅਵਾਜ਼ ਭੌਂਕਣ ਦੀ ਹੀ ਸੀ। ਉਸ ਬਜ਼ੁੱਰਗ ਨੇ ਅਵਾਜ਼ ਮਾਰੀ। ਹੇਠੋਂ ਇਕ ਨੌਜੁਆਨ ਰੋਟੀ ਖਾਂਦਾ ਖਾਂਦਾ ਉਪਰ ਆਇਆ। ਰੋਟੀ ਉਪਰ ਹੀ ਉਸ ਨੇ ਸਬਜ਼ੀ ਪਾਈ ਹੋਈ ਸੀ। ਇਕ ਹੱਥ ਵਿਚ ਪਾਣੀ ਦਾ ਗਲਾਸ ਸੀ।

"ਹਾਂ ਬਾਪੂ, ਕੀ ਗੱਲ ਆ ?" ਉਹ ਬਜ਼ੁੱਰਗ ਦੇ ਮੰਜੇ ਦੀ ਬਾਹੀ ਤੇ ਅਪਣੱਤ ਨਾਲ ਬੈਠਦਾ ਬੋਲਿਆ।

"ਆਹ ਕੁਤੇ ਕਿਉਂ ਭੌਂਕਣ ਡਏ ਆ ?"

"ਕੁਤੇ ?......ਕਿਥੇ ?" ਮੁੰਡਾ ਹੈਰਾਨ ਜਿਹਾ ਹੋ ਕੇ ਬੋਲਿਆ।

"ਤੈਨੂੰ ਨਹੀਂ ਸੁਣਦੇ ? ਮੇਰੇ ਤਾਂ ਸੁਹਰਿਆਂ ਕੰਨ ਖਾ ਲਏ। ਆਹ ਦੇਖ......।"

ਮੁੰਡਾ ਹੱਸ ਪਿਆ। ਗੱਲ ਉਸ ਦੀ ਸਮਝ ਵਿਚ ਆ ਗਈ ਸੀ। ਉਹ ਬੋਲਿਆ, "ਬਾਪੂ ਇਹ ਕੁਤੇ ਨਈਂਗੇ। ਇਹ ਉਹ ਨੇ ਜਿਹੜੇ ਕਹਿੰਦੇ, 'ਸਾਨੂੰ ਦਿਉ ਸੇਵਾ ਦਾ ਮੌਕਾ ਇਸ ਵਾਰ, ਸਭ ਗੰਦ ਹੂੰਝ ਦਿਆਂਗੇ। ਇਹ ਹੁਣ ਆਪਣਾ ਸਾਥ ਚਾਹੁੰਦੇ ਆ।"

"ਅੱ...ਛਾ...!" ਬਜ਼ੁਰੱਗ ਨੇ ਲਮਿਆਰ ਕੇ ਹੈਰਾਨੀ ਜਿਹੀ ਨਾਲ ਕਿਹਾ, "ਮੈਂ ਤਾਂ ਸਮਝਿਆ ਸ਼ੈਦ ਕੁਤੇ ਈ ਭੌਂਕਦੇ ਆ। ਆਹ ਵਿਚ, ਵਿਚ ਚੀਕਾਂ ਜਿਹੀਆਂ ਕਿਉਂ ਮਾਰਦੇ ਆ।"

"ਕੰਜਰਾਂ, ਮਰਾਸੀਆਂ ਨੂੰ ਮਾਤ ਪਾਇਆ ਹੋਇਆ। ਲੋਕਾਂ ਦੀਆਂ ਸਾਗਾਂ ਲਾ ਲਾ ਕੇ ਦੱਸਦੇ ਆ ਬਈ, ਅਗੇ ਜੰਤਾ ਇੰਝ ਰੋਂਦੀ ਕਰਲਾਉਂਦੀ ਰਹੀ ਆ। ਹੁਣ ਨਹੀਂ ਇੰਝ ਹੋਣ ਦਿਆਂਗੇ। ਬੱਸ ਸਾਡੇ ਮਗਰ ਕਹਿੰਦੇ ਲੱਗੋ। ਸਾਡੇ ਨਾਲ ਚਲੋ ਬਾਂਹ 'ਚ ਬਾਂਹ ਪਾ ਕੇ।"

"ਹੱਲਾ ! ਫੇਰ ਤਾਂ ਚੰਗੀ ਗੱਲ ਆ।" ਬਜ਼ੁਰਗ ਚੁਪ ਕਰ ਗਿਆ। ਇਕ ਪਲ ਚੁਪ ਰਹਿਣ ਤੋਂ ਬਾਅਦ ਫੇਰ ਬੋਲਿਆ, "ਇਹ ਸੱ...ਚ...ਈ ਕਹਿੰਦੇ ਆ ? ਯਕੀਨ ਜਿਹਾ ਨਹੀਂ ਆਉਂਦਾ।"

"ਕੁੜੇ ਸੰਤੋ, ਲਿਆਈਂ ਇਕ ਰੋਟੀ, ਉਤੇ ਭੋਰਾ ਕੁ ਭੁਰਜੀ ਵੀ ਪਾ ਲਿਆਈਂ।" ਮੁੰਡੇ ਨੇ ਬਜ਼ੁਰੱਗ ਦੀ ਗੱਲ ਨੂੰ ਅਣਗੋਲ੍ਹਿਆ ਕਰ ਦਿਤਾ। ਉਸ ਦਾ ਖਿਆਲ ਸੀ, ਇਸ ਉਮਰੇ ਆਦਮੀ ਓ ਹੀ ਸ਼ੱਕੀ ਜਿਹਾ ਹੋ ਜਾਂਦਾ ਹੈ। ਨਾਲੇ ਹੁਣ ਲੋਕ ਉਹ ਨਹੀਂ ਰਹੇ......।

"ਰੋਟੀ ਹੈਗੀਆ, ਪਰ ਸਬਜ਼ੀ ਹੈ ਨਹੀਂ।" ਕੁੜੀ ਨੇ ਹੇਠੋਂ ਜਵਾਬ ਦਿੱਤਾ।

"ਚੱਲ ਫੇਰ 'ਚਾਰ-ਚੂਰ' ਈ ਲੈ ਆ।"

ਹਵਾ ਚਲਦੀ ਸੀ। ਪਰ ਠੰਢੀ ਨਹੀਂ ਸੀ। ਕਦੇ ਕਦੇ ਇੰਝ ਲੱਗਦਾ ਸੀ ਜਿਵੇਂ ਹਵਾ ਦਾ ਝੋਂਕਾ ਅੱਗ ਵਿਚੋਂ ਦੀ ਨਿੱਕਲ ਕੇ ਆਇਆ ਹੋਵੇ। ਕਈ ਲੋਕ ਕਹਿੰਦੇ ਸੀ ਹਵਾ ਬੰਦ ਹੋ ਗਈ। ਪਰ ਇਹ ਕਿਵੇਂ ਹੋ ਸਕਦਾ ਹੈ। ਹਵਾ ਤਾਂ ਹੁੰਦੀ ਹੀ ਹੈ।

ਇਕ ਬੁਲਾ ਆਇਆ ਤੇ ਮੁੰਡੇ ਦੀ ਰੋਟੀ ਤੇ ਗ਼ਰਦ ਪਾ ਗਿਆ।

"ਹੁਣ ਤਾ ਬੱਸ ਕਰਨ। ਸਾਰਾ ਦਿਨ ਲੰਘ ਗਿਆ ਇਨ੍ਹਾਂ ਨੂੰ ਇਸੇ ਤਰ੍ਹਾਂ ਹੀ ਕੂਕਦਿਆਂ। ਪਤਾ ਨਹੀਂ ਕਾਹਦਾ ਸੰਘ ਬਣਿਆ ਹੋਇਆ ਇਨ੍ਹਾਂ ਦਾ।"

"ਆਪਣੇ ਆੜਤੀਆਂ ਵਾਂਗ ਇਨ੍ਹਾਂ ਦੇ ਵੀ ਇਹੀ ਦਿਨ ਨੇ। ਬਾਅਦ ਵਿਚ ਕਿਨ੍ਹਾਂ ਪੁਛਣਾ ਇਨ੍ਹਾਂ ਨੂੰ।"

"ਹੁਣ ਤਾਂ ਦੇਖ ਲੈ ਕਿਵੇਂ ਕਿੱਲ੍ਹ ਕਿੱਲ੍ਹ ਕੇ ਕਹਿੰਦੇ ਆ,ਫਲਾਨੇ ਦੀ... ਧਿਮਕੜੇ ਦੀ......ਜੈ......ਹੋ......ਜਿੰਦਾਬਾਦ...ਫਤਹਿ...।" ਬਜ਼ੁਰੱਗ ਨੇ ਗੱਲ ਸੁਆਦ ਜਿਹਾ ਲੈ ਕੇ ਕੀਤੀ। "ਦਿਆਂ ਇਨ੍ਹਾਂ ਦੀ ਛੋਕਰੀ ਦੀ......ਇਕੋ ਈ ਆ ਇਹ ਸਾਰੇ।"

"ਸਹਿਜੇ ਬਾਪੂ, ਥੱਲੇ ਬੁੜੀਆਂ......ਤੇਰਾ ਵੀ ਜ਼ੋਸ਼ ਨਹੀਂ ਸਾਂਭ ਹੁੰਦਾ।"

"ਐਵੇਂ ਗੁਸਾ ਜਿਆ ਆ ਜਾਂਦਾ। ਉਦੋਂ ਵੀ ਕਹਿੰਦੇ ਸੀ ਆਹ ਕਰਾਂਗੇ ਔਹ ਕਰਾਂਗੇ। ਪਿਛੋਂ ਕਿਸੇ ਕੰਜਰ ਨੇ ਵਾਤ੍ਹ ਨਹੀਂ ਪੁਛੀ।"

"ਬਾਤ-ਬੂਤ ਨੂੰ ਕੀ ਆ ਹੁਣ, ਕਿਨੂੰ ਕਿਨੂੰ ਬੰਬੀ ਲੁਆ ਦੇਣ।"

"ਅੱ......ਛਾ !" ਬਜ਼ੁਰੱਗ ਨੇ ਉਦਾਸੀ ਨਾਲ ਕਿਹਾ ਅਤੇ ਪਾਸਾ ਵੱਟ ਕੇ ਦੂਜੇ ਬੰਨੇ ਦੇਖਣ ਲੱਗ ਪਿਆ। ਸੂਰਜ ਅਸਤ ਹੋ ਚੁਕਾ ਸੀ। ਮਾੜੀ ਮਾੜੀ ਬੱਦਲਾਂ ਨੂੰ ਛੂੰਹਦੀ ਲਾਲੀ ਪੋਹ-ਫੁਟਾਲੇ ਦਾ ਭੁਲੇਖਾ ਦੇ ਰਹੀ ਸੀ।

ਕੁਝ ਦਿਨ ਹੋਰ ਲੰਘ ਗਏ। ਸ਼ੋਰ-ਸ਼ਰਾਬਾ ਹੁੰਦਾ ਰਿਹਾ। ਫਿਰ ਇਕ ਦਿਨ ਉਨ੍ਹਾਂ ਨੇ ਆਪਣੀ ਆਪਣੀ ਹੋਂਦ ਦੱਸਣ ਲਈ, ਆਪਣੇ ਆਪ ਨੂੰ ਇਕ ਬਕਸੇ ਵਿਚ ਬੰਦ ਕਰ ਲਿਆ। ਉਸ ਦਿਨ ਕਮਾਲ ਹੋ ਗਈ। ਉਹ ਬੁਢੀਆਂ, ਉਹ ਬੁਢੇ ਜਿਨ੍ਹਾਂ ਦੀ ਕਦੇ ਉਨ੍ਹਾਂ ਦੇ ਘਰਦਿਆਂ ਵੀ ਬਾਤ ਨਹੀਂ ਪੁਛੀ। ਉਨ੍ਹਾਂ ਦੀਆਂ ਸੌ ਸੌ ਖਾਤਰਾਂ ਕਰਦੇ ਸੱਤ-ਬਿਗਾਨੇ ਆਪਣੇ ਘਨੇੜਿਆਂ ਉਤੇ ਚੁਕੀ, ਮੋਢਿਆਂ ਦਾ ਸਹਾਰਾ ਦਿੰਦੇ ਜਬ੍ਹਾ-ਖਾਨੇ ਲੈ ਗਏ।

ਬਜ਼ੁਰੱਗ ਤੂਤ ਦੀ ਛਾਵੇਂ ਪਿਆ ਸੀ। ਮੁੰਡਾ ਸਵੇਰ ਦਾ ਕਿਸੇ ਕੰਮ ਗਿਆ ਹੋਇਆ ਸੀ। ਕੋਈ ਸਰਕਾਰੇ-ਦਰਬਾਰੇ ਕੰਮ ਹੋਵੇਗਾ। ਸਰਕਾਰੀ ਮਾਮਲਿਆਂ ਵਿਚ ਬਜ਼ੁਰੱਗ ਹੁਣ ਘੱਟ ਹੀ ਦਿਲਚਸਪੀ ਲੈਂਦਾ ਸੀ। ਬੱਸ, ਉਹੋ ਕੁਝ ਹੀ ਹੁਣ ਤਕ ਹੁੰਦਾ ਆਇਆ ਸੀ ਜੋ ਕੁਝ ਉਸ

ਬਾਕੀ ਸਫ਼ਾ 26

# ਕਮਿਊਨਿਟੀ-ਮਸਲੇ

– ਉੱਜਲ ਦੋਸਾਂਝ

(ਮੈਂ ਹੁਣੇ ਹੁਣੇ ਹਿੰਦੁਸਤਾਨ ਦਾ ਚੱਕਰ ਲਾ ਕੇ ਮੁੜਿਆ ਹਾਂ। ਉਥੇ ਬੜਾ ਕੁੱਝ ਦੇਖਿਆ ਤੇ ਮਹਿਸੂਸ ਕੀਤਾ। ਜਿਸ ਬਾਰੇ ਵਤਨੋਂ ਦੂਰ ਦੇ ਅਗਲੇ ਅੰਕਾਂ ਵਿਚ ਚਰਚਾ ਕਰਨ ਦੀ ਕੋਸ਼ਿਸ਼ ਕਰਾਂਗਾ। ਪਰ ਇਕ ਖਾਸ ਗੱਲ ਜਿਹੜੀ ਮੈਂ ਉਥੇ ਵੀ ਤੇ ਵਾਪਿਸ ਆਕੇ ਵੀ ਮਹਿਸੂਸ ਕੀਤੀ ਹੈ, ਉਹ ਹੈ ਕਿ ਜਿੰਨਾ ਚਿਰ ਅਸੀਂ ਆਪਣੀਆਂ ਮੁਸ਼ਕਲਾਂ ਜਿਹੜੀਆਂ ਸਾਨੂੰ ਇਥੇ ਆਉਂਦੀਆਂ ਹਨ ਉਹਨਾਂ ਦਾ ਪੂਰੀ ਤਰ੍ਹਾਂ ਸਾਹਮਣਾ ਨਹੀਂ ਕਰਦੇ ਉਨਾ ਚਿਰ ਅਸੀ ਹਿੰਦੁ-ਸਤਾਨ ਦੇ ਹਾਲਾਤਾਂ ਬਾਰੇ ਇਥੇ ਬੈਠੇ ਬਹੁਤਾ ਕੁੱਝ ਨਹੀਂ ਕਰ ਸਕਦੇ। ਇਸੇ ਹੀ ਕਿਸਮ ਦੇ ਕੁੱਝ ਨੁਕਤੇ ਮੈਂ ਇਸ ਸੰਖੇਪ ਲੇਖ ਵਿਚ ਉਠਾ ਰਿਹਾ ਹਾਂ -- ਲੇਖਕ)

ਬਾਹਰਲੇ ਦੇਸ਼ਾਂ ਵਿਚ ਬੈਠੇ ਭਾਰਤੀਆਂ ਦੇ ਦਿਲ ਦੀ ਧੜਕਨ ਹਿੰਦੁਸਤਾਨੀ ਸਮਾਜ ਦੀ ਚਾਲ ਨਾਲ ਬੱਝੀ ਹੋਈ ਹੈ। ਇਸ ਦਾ ਇੰਝ ਹੋਣਾ ਕੁਦਰਤੀ ਹੈ। ਨਾਲ ਨਾਲ ਜਿਥੇ ਵੀ ਬਾਹਰਲੇ ਦੇਸ਼ਾਂ ਵਿਚ ਅਸੀਂ ਵਸ ਰਹੇ ਹਾਂ ਉਥੋਂ ਦੇ ਹਾਲਾਤਾਂ ਦਾ ਸਾਡੇ ਉਤੇ ਅਸਰ ਹੋਣਾ ਅਤੇ ਸਾਡੇ ਵਲੋਂ ਉਹਨਾਂ ਹਾਲਾਤਾਂ ਦਾ ਸਾਹਮਣਾ ਕਰਨਾ ਵੀ ਕੁਦਰਤੀ ਹੀ ਹੈ। ਭਾਰਤ ਬਾਰੇ ਅਸੀਂ ਸਾਰੇ ਹੀ ਸਕੀਮਾਂ ਬਣਾਉਂਦੇ ਰਹਿੰਦੇ ਹਾਂ ਅਤੇ ਸੱਚੇ ਦਿਲੋਂ ਹਾਲਾਤਾਂ ਨਾਲ ਇਨਸਾਫ ਕਰਦੇ ਹੋਏ ਉਥੋਂ ਦੇ ਨਿਜ਼ਾਮ ਨੂੰ ਬੁਰਾ ਭਲਾ ਆਖਦੇ ਰਹਿੰਦੇ ਹਾਂ ਅਤੇ ਭਾਰਤ ਦੀ ਉਨਤੀ ਲਈ ਸਾਨੂੰ ਬੜਾ ਫਿਕਰ ਰਹਿੰਦਾ ਹੈ।

ਪਰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਅਸੀ ਕੈਨੇਡਾ ਵਿਚ ਬੈਠੇ ਜ਼ਿਆਦਾ ਜ਼ੋਰ 10,000 ਮੀਲ ਦੂਰ ਵਲ ਲਗਾ ਰਹੇ ਹਾਂ ਅਤੇ ਇਥੋਂ ਦੇ ਹਾਲਾਤਾਂ ਨੂੰ ਅੱਖਾਂ ਤੋਂ ਉਹਲੇ ਕਰੀ ਬੈਠੇ ਹਾਂ ਜਾਂ ਇਤਨਾ ਧਿਆਨ ਨਹੀਂ ਦਿੰਦੇ ਜਿੰਨਾਂ ਸਾਨੂੰ ਦੇਣਾ ਚਾਹੀਦਾ ਹੈ। ਮੇਰਾ ਇਹ ਸਭ ਕੁੱਝ ਕਹਿਣ ਤੋਂ ਭਾਵ ਇਹ ਨਹੀਂ ਕਿ ਭਾਰਤ ਬਾਰੇ ਸਾਨੂੰ ਸੋਚਣਾ ਛੱਡ ਦੇਣਾ ਚਾਹੀਦਾ ਹੈ ਜਾਂ ਆਪਣੇ ਉੱਦਮ ਛੱਡ ਦੇਣੇ ਚਾਹੀਦੇ ਹਨ। ਮੈਂ ਤਾਂ ਸਿਰਫ਼ ਇਹ ਹੀ ਕਹਾਂਗਾ ਕਿ ਜੇ ਅਸੀਂ ਇਥੇ ਆਪਣੀਆਂ ਮੁਸ਼ਕਲਾਂ ਨੂੰ ਹੱਲ ਨਹੀਂ ਕਰਦੇ, ਅਸਲੀ ਮਸਲਿਆਂ ਦਾ ਸਾਹਮਣਾ ਕਰਨ ਤੋਂ ਕੰਨੀ ਕਤਰਾਉਂਦੇ ਹਾਂ। ਤਾਂ ਅਸੀਂ ਨਿਰਸੰਦੇਹ ਭਾਰਤੀਆਂ ਦੀ ਭਾਰਤ ਵਿਚ ਕੋਈ ਮਦਦ ਨਹੀਂ ਕਰ ਸਕਾਂਗੇ।

ਸਾਡੇ ਸਾਹਮਣੇ ਗਦਰੀ ਬਾਬਿਆਂ ਦੀ ਸੁਨਹਿਰੀ ਮਿਸਾਲ ਹੈ। ਉਹਨਾਂ ਨੇ ਹਿੰਦੁਸਤਾਨ ਦੀ ਜੰਗੇ- ਅਜ਼ਾਦੀ ਵਿਚ ਵਧ ਚੜ੍ਹ ਕੇ ਹਿਸਾ ਪਾਇਆ। ਪਰ ਨਾਲ ਨਾਲ ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਉਹਨਾਂ ਨੇ ਉਤਰੀ ਅਮਰੀਕਾ ਵਿਚ ਭਾਰਤੀਆਂ ਨਾਲ ਹੋ ਰਹੀ ਬਦਸਲੂਕੀ ਦਾ ਡੱਟ ਕੇ ਮੁਕਾਬਲਾ ਕੀਤਾ। ਸਾਡੇ ਲਈ ਜਦੋ-ਜਹਿਦ ਕਰਕੇ ਹੱਕ ਜਿੱਤੇ- ਜਿਨ੍ਹਾਂ ਦਾ ਸਦਕਾ ਅਸੀਂ ਅੱਜ ਫਖਰ ਨਾਲ ਸਿਰ ਉੱਚਾ ਕਰਕੇ ਤੁਰ ਸਕਦੇ ਹਾਂ। ਕਾਮਾ ਗਾਟਾ ਮਾਰੂ ਦੇ ਦੁਆਲੇ ਸਾਰੇ ਕਿੱਸੇ ਨੇ ਭਾਰਤੀਆਂ ਦੀ ਉੱਤਰੀ ਅਮਰੀਕਾ ਵਿਚ ਧਾਂਕ ਜਮਾ ਦਿੱਤੀ ਸੀ ਅਤੇ ਭਾਰਤ ਵਿਚ ਇਨਕਲਾਬ ਦੇ ਬੀਜ ਬੋਏ ਸਨ। ਲੇਕਿਨ ਮੇਰਾ ਇਹ ਦਾਅਵਾ ਹੈ ਕਿ ਗਦਰੀ ਬਾਬਿਆਂ ਨੇ ਇਥੋਂ ਦੀਆਂ ਮੁਸ਼ਕਲਾਂ ਨੂੰ ਹੱਲ ਕਰਨ ਲਈ ਬਹੁਤ ਸਿਰਲੱਥ ਯਤਨ ਕੀਤੇ- ਇਹਨਾਂ ਦਾ ਸਦਕਾ ਹੀ ਉਹ ਭਾਰਤ ਦੀ ਜੰਗੇ ਅਜ਼ਾਦੀ ਵਿੱਚ ਪੂਰਾ ਪੂਰਾ ਹਿੱਸਾ ਪਾ ਸਕੇ।

ਅੱਜ ਵੀ ਗਦਰੀ ਬਾਬਿਆਂ ਦੀਆਂ ਲੀਹਾਂ ਉਤੇ ਚੱਲਣ ਦੀ ਲੋੜ ਹੈ- ਲੇਕਿਨ ਸਾਡੇ ਵਿਚੋਂ ਬਹੁਤੇ ਇਸ ਲੋੜ ਨੂੰ ਜਾਂ ਤਾਂ ਸਮਝ ਨਹੀਂ ਸਕੇ ਅਤੇ ਜਾਂ ਜਾਣ ਬੁੱਝ ਕੇ ਅੱਖੋਂ ਉਹਲੇ ਕਰਨ ਦਾ ਯਤਨ ਕਰਦੇ ਹਨ। ਪਿਛਲੇ ਕੁੱਝ ਸਾਲਾਂ ਤੋਂ ਇਮੀ-ਗਰੇਸ਼ਨ ਕਨੂੰਨ ਦੇ ਮਸਲੇ ਤੇ ਬੜੀ ਜਦੋ- ਜਹਿਦ ਚਲਦੀ ਆ ਰਹੀ ਹੈ। ਕੈਨੇਡਾ ਦੇ ਸਾਰੇ ਹਿੱਸਿਆਂ ਚੋਂ ਬਿੱਲ ਸੀ-੨੪ [ ਜੋ ਪਾਸ ਹੋ ਚੁੱਕਾ ਹੈ ਪਰ ਅਜੇ ਲਾਗੂ ਨਹੀਂ ਹੋਇਆ ] ਦੇ ਖਿਲਾਫ ਆਵਾਜ਼ਾਂ ਉੱਠੀਆਂ। ਬਰਿਟਿਸ਼ ਕੋਲੰਬੀਆ ਦੀ ਭਾਰਤੀ ਕਮਿਊਨਿਟੀ ਵਿਚ ਕੁੱਝ ਆਵਾਜ਼ਾਂ ਜ਼ਰੂਰ ਉੱਠੀਆਂ – ਪਰ ਇੰਨੀਆਂ ਨਹੀਂ ਜਿੰਨੀਆਂ ਉਠਣੀਆਂ ਚਾਹੀਦੀਆਂ ਸਨ।

ਫਾਰਮ ਵਰਕਰਜ਼ [ ਖੇਤ- ਮਜ਼ਦੂਰਾਂ ] ਦੇ ਮਸਲੇ ਤੇ ਇਸ ਸਮਾਜ ਵਿਚ ਜੱਦੋ ਜਹਿਦ ਜਾਰੀ ਹੈ। ਫਲ ਵਗੈਰਾ ਚੁਗਣ ਵਾਲੇ ਮਜ਼ਦੂਰਾਂ ਨੂੰ ਸਭ ਤੋਂ ਘਟੀਆ ਕਿਸਮ ਦੀਆਂ ਹਾਲਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਇਸ ਤਰ੍ਹਾਂ ਦਾ ਬਹੁਤਾ ਕੰਮ ਹਿੰਦੁਸਤਾਨੀ ਨੌਜਵਾਨ, ਬੱਚੇ, ਬੁੱਢੇ, ਭੈਣਾਂ, ਧੀਆਂ ਅਤੇ ਮਾਵਾਂ ਕਰ ਰਹੀਆਂ ਹਨ- ਪਰ ਭਾਰਤੀਆਂ ਵਲੋਂ ਇਹਨਾਂ ਮਜ਼ਦੂਰਾਂ ਦੀ ਬਿਹਤਰੀ ਲਈ ਕੁੱਝ ਵੀ ਨਹੀਂ ਕੀਤਾ ਜਾ ਰਿਹਾ।

ਵੈਸੇ ਤਾਂ ਇਹ ਢਾਂਚਾ ਸਾਰੇ ਦਾ ਸਾਰਾ ਮਜ਼ਦੂਰ ਵਰਗ ਦੀ ਲੁੱਟ ਘਸੁੱਟ ਕਰਦਾ ਹੈ ਪਰ ਭਾਰਤੀ-ਕੈਨੇਡੀਅਨਾਂ ਵਲੋਂ ਚਲਾਈਆਂ ਜਾ ਰਹੀਆਂ ਕਈ ਮਿੱਲਾਂ ਜਾਂ ਵਿਉਪਾਰਾਂ ਵਿਚ ਅਨਪੜ੍ਹ ਅਤੇ ਅਨਜਾਣ ਭਾਰਤੀ-ਕੈਨੇਡੀਅਨਾਂ ਦੀ ਛਿੱਲ ਜਰਾ ਜ਼ਿਆਦਾ ਹੀ ਲਾਹੀ ਜਾ ਰਹੀ ਹੈ। ਇਹਨਾਂ ਸੰਸਥਾਵਾਂ ਵਿਚ ਕਾਨੂੰਨ ਰੋਜ਼ ਤੋੜੇ ਜਾਂਦੇ ਹਨ - ਉਲੰਘਣਾ ਨਿੱਤ ਦਿਨ ਹੁੰਦੀਆਂ ਹਨ - ਪਰ ਅਸੀਂ ਚੁੱਪ ਬੈਠੇ ਬਰਦਾਸ਼ਤ ਕਰੀ ਜਾ ਰਹੇ ਹਾਂ। ਕੀ ਸਾਡੀ ਅਣਖ ਮਰ ਚੁੱਕੀ ਹੈ?

ਜੈਨੇਟੋਰੀਅਲ ਭਾਵ ਸਫਾਈ ਆਦਿ ਕਰਨ ਵਾਲੇ ਮਜ਼ਦੂਰਾਂ ਨੂੰ ਕਈਆਂ ਠੱਗ ਕੰਪਨੀਆਂ ਵਲੋਂ ਲੁੱਟਿਆ ਜਾ ਰਿਹਾ ਹੈ - ਕਈ ਚਿਰ ਤੋਂ। ਸਾਡੀ ਕਮਿਊਨਿਟੀ ਦੀ ਕਿਸੇ ਸੰਸਥਾ ਦੇ ਕੰਨ ਤੇ ਜੂੰ ਨਹੀ ਸਰਕੀ। ਕਿਉਂ?

ਸਾਡੇ ਬਜ਼ੁਰਗਾਂ ਦੇ ਬੈਠਣ ਲਈ, ਬੱਚਿਆਂ ਦੇ ਖੇਡਣ ਲਈ ਅਤੇ ਨੌਜਵਾਨਾਂ ਦੇ ਹਰ ਪੱਖ ਤੋਂ ਪ੍ਰਫੁੱਲਤ ਹੋਣ ਲਈ ਸਾਡੇ ਪਾਸ ਕੋਈ ਕਮਿਊਨਿਟੀ ਸੈਂਟਰ ਨਹੀ ਹੈ। ਕੀ ਅਸੀਂ ਆਪਣੇ ਸਭਿਆਚਾਰ ਨੂੰ ਕਾਇਮ ਰੱਖਣ ਲਈ ਇਤਨਾ ਕੁੱਝ ਵੀ ਨਹੀਂ ਕਰ ਸਕਦੇ? ਗੁਰਦੁਆਰੇ, ਮੰਦਰ, ਮਸਜਦ ਅਤੇ ਗਿਰਜੇ ਆਪਣੀ ਥਾਂ ਤੇ ਹਨ। ਕਮਿਊਨਿਟੀ ਕੇਂਦਰ ਵੀ ਸਾਡੇ ਪਾਸ ਹੋਣਾ ਜ਼ਰੂਰੀ ਹੈ।

ਸਾਡੀ ਕਮਿਊਨਿਟੀ ਦੀਆਂ ਸੰਸਥਾਵਾਂ ਨੂੰ ਮੈਂ ਵੰਗਾਰ ਨਾਲ ਕਹਿੰਦਾ ਹਾਂ ਕਿ ਇਹ ਮਸਲੇ ਸਾਡੇ ਅੱਜ ਦੇ ਮਸਲੇ ਹਨ - ਇਹਨਾਂ ਦੀ ਬਿਹਤਰੀ ਲਈ ਕੁੱਝ ਕਰੋ, ਤੇ ਨਾਲ ਹੀ ਨਾਲ ਨਸਲੀ-ਵਿਤਕਰੇ ਦੇ ਖਿਲਾਫ ਲੜਾਈ ਲੜੋ। ਜੇ ਇਹਨਾਂ ਮਸਲਿਆਂ ਨੂੰ ਹੱਲ ਕਰਨ ਦੇ ਰਾਹ ਤੇ ਤੁਰੋਗੇ ਤਾਂ ਆਪਣੇ ਆਪ ਨੂੰ ਸਾਡੇ ਪ੍ਰਤੀਨਿਧ ਕਹਿਲਾਉਣ ਦਾ ਹੱਕ ਰੱਖੋਗੇ। ਮੈਂ ਲੋਕਾਂ ਨੂੰ ਵੀ ਇਹੀ ਕਹਾਂਗਾ ਕਿ ਜਿਥੇ ਕਿਤੇ ਵੀ ਕੋਈ ਸੰਸਥਾ ਹੈ ਜੋ ਆਪਣੇ ਆਪ ਨੂੰ ਤੁਹਾਡੇ ਪ੍ਰਤੀਨਿਧ ਅਖਵਾਉਂਦੀ ਹੈ - ਉਸ ਨੂੰ ਇਨ੍ਹਾਂ ਮਸਲਿਆਂ ਦੀ ਕਸਵੱਟੀ ਤੇ ਤੋਲੋ। ਇਹ ਕਸਵੱਟੀ ਵਰਤਣਾ ਸਾਡਾ ਹੱਕ ਹੈ - ਫਰਜ਼ ਹੈ। ਹੱਕਾਂ ਨੂੰ ਅਪਣਾਏ ਹੋਏ ਫਰਜ਼ਾਂ ਨੂੰ ਪੂਰਾ ਕਰੋ। ●


*India's Famous*

**TANDOORI CHICKEN**

**EAT IN OR TAKE OUT!**

## RAJA RESTAURANT

(Licensed)

7271 MAIN ST., VANCOUVER, B.C.

ਬਲਵੰਤ ਰਾਏ ਜੋ ਕਿ ਹੁਣੇ ਹੁਣੇ ਭਾਰਤ ਦੇ ਚਾਰ ਮਹੀਨਿਆਂ ਦੇ ਦੌਰੇ ਤੋਂ ਵਾਪਿਸ ਆਏ ਹਨ, ਦੇ ਭਾਰਤੀ ਖਾਣਿਆਂ ਬਾਰੇ ਨਵੇਂ ਤਜਰਬੇ ਤੋਂ ਲਾਭ ਉਠਾਓ।

ਅਨੰਦ ਮਾਣੋ

FOR PARTY CATERING, HOME PARTIES AND BANQUETS, CONTACT

**Balwant**

**325-5014**



ਸਾਡੇ ਪਾਸੋਂ ਹੇਠ ਲਿਖੀਆਂ ਵਸਤਾਂ ਮਿਲਦੀਆਂ ਹਨ:

ਹੈਂਡ ਬੈਗਜ਼
ਚਮੜੇ ਦੀਆਂ ਵਸਤਾਂ
ਚਾਂਦੀ ਤੇ ਪਿੱਤਲ ਦੀਆਂ ਕਲਾ-ਕਿਰਤਾਂ
ਲੱਕੜ ਦੀਆਂ ਕਿਰਤਾਂ

ਭਾਰਤੀ ਜੌਅਲਰੀ

ਬੈੱਡ ਰੂਮ ਸੁਈਟਸ
ਲੈਂਪਸ਼ੇਡਜ਼
ਫੈਂਸੀ ਟੇਬਲ
ਕਿਰਲੈੱਟ ਸੈੱਟਸ



ਜੋਗਿੰਦਰ ਸਿੰਘ ਸੁਰਾਂ

## SURAN ENTERPRISES LTD.

IMPORTERS – RETAILERS

33765 Essendene Avenue,
Abbotsford, B.C.
853-4971

Prop.: Joginder Singh Suran Res. 859-3574

# ਸਵਾਲ ਦਰ ਸਵਾਲ

ਰਾਮ ਸਰੂਪ ਅਣਖੀ

ਬਿਲੂਆ ਭੰਗੀ ਪਿੰਡ ਦੀ ਸੱਥ ਵਿਚ ਲੋਕਾਂ ਦੇ ਇਕੱਠ ਸਾਹਮਣੇ ਉੱਚੀ ਉੱਚੀ ਬੋਲ ਰਿਹਾ ਸੀ — "ਮ੍ਹਾਰੀ ਇੱਜ਼ਤ ਕ੍ਹਾ ਸਵਾਲ ਐ, ਬਾਊ ਜੀ । ਜਿਸ ਨੈ ਮ੍ਹਾਰੀ ਬੇਟੀ ਕੀ ਆਨ ਲੂਟੀ, ਉਸੈ ਸਜਾ ਮਿਲਨੀ ਚਾਹੀਏ, ਬਸ ਮੈਂ ਤੋਂ ਇਤਨਾ ਚਾਹਵਾਂ ।"

ਸੱਥ ਵਿਚ ਸਰਪੰਚ, ਦੋ ਪੰਚ, ਇਕ ਨੰਬਰਦਾਰ ਤੇ ਚਾਰ ਪੰਜ ਜਣੇ ਹੋਰ ਸਨ ਜਿਹੜੇ ਬੁਲੀਏ ਭੰਗੀ ਨੇ ਸੱਦ ਕੇ ਲਿਆਂਦੇ ਸਨ । ਇਨ੍ਹਾਂ ਤੋਂ ਬਿਨਾਂ ਦਸ-ਬਾਰਾਂ ਬੰਦੇ ਹਰ ਓਥੇ ਆ ਖੜੇ ਸਨ । ਵਿਚਲੀ ਗੱਲ ਦਾ ਸਭ ਨੂੰ ਪਤਾ ਸੀ ।

ਪਿੰਡਾਂ ਵਿਚ ਗਲੀਆਂ ਦੇ ਫਰਸ਼ ਪੱਕੇ ਕੀਤੇ ਗਏ ਤੇ ਘਰਾਂ ਦਾ ਪਾਣੀ ਨਿਕਲਣ ਵਾਸਤੇ ਨਾਲੀਆਂ ਵੀ ਪੱਕੀਆਂ ਬਣ ਗਈਆਂ ਤਾਂ ਇਨ੍ਹਾਂ ਦੀ ਸਫ਼ਾਈ ਵੀ ਜ਼ਰੂਰੀ ਸਮਝੀ ਗਈ । ਸਫ਼ਾਈ ਤੋਂ ਬਿਨਾਂ ਤਾਂ ਮੀਂਹ ਵਾਲੇ ਦਿਨ ਔਖਾ ਹੋ ਜਾਂਦਾ । ਮਿੱਟੀ-ਕੂੜੇ ਨਾਲ ਅੱਟੀਆਂ ਨਾਲੀਆਂ ਵਿਚ ਦੀ ਪਾਣੀ ਗੁਜ਼ਰਦਾ ਹੀ ਨਾ । ਗਲੀਆਂ ਤਾਂ ਦਰਿਆ ਬਣ ਜਾਂਦੇ । ਮੀਂਹ ਦੀ ਗੱਲ ਛਡੋ, ਸਫ਼ਾਈ ਬਗ਼ੈਰ ਨਾਲੀਆਂ ਵਿਚ ਗੰਦ ਉਭਰ ਜਾਂਦਾ । ਸਿਆਣੇ ਆਦਮੀ ਨੱਕ ਉਤੇ ਪੱਲਾ ਦੇ ਕੇ ਲੰਘਦੇ ਤੇ ਕਹਿੰਦੇ — ਏਦੂੰ ਤਾਂ ਕੱਚੀਆਂ ਵੀਹੀਆਂ ਈ ਚੰਗੀਆਂ ਸੀ । ਰੀਸ ਤਾਂ ਸ਼ਹਿਰਾਂ ਦੀ ਕਰ ਲਈ......ਤੇ ਫਿਰ ਇਹ ਭੰਗੀ-ਲੋਕ ਆਪਣੇ ਆਪ ਹੀ ਪਤਾ ਨਹੀਂ ਕਿਧਰੋਂ ਆ ਗਏ ਸਨ । ਇਸ ਇਲਾਕੇ ਦੇ ਲਗਭਗ ਹਰ ਪਿੰਡ ਵਿਚ ਹੀ ਇਕ ਇਕ ਟੱਬਰ । ਇਸ ਪਿੰਡ ਦੇ ਬਿਲੂਏ ਭੰਗੀ ਦੀ ਪਤਨੀ, ਇਕ ਮੁਟਿਆਰ ਧੀ ਤੇ ਇਕ ਛੋਟਾ ਜਿਹਾ ਮੁੰਡਾ ਸੀ । ਮੁੰਡੇ ਦੀ ਉਮਰ ਭਾਵੇਂ ਗਿਆਰਾਂ-ਬਾਰਾਂ ਸਾਲ ਸੀ, ਪਰ ਉਹ ਆਦਮੀ ਜਿੰਨਾ ਕੰਮ ਕਰਦਾ । ਚਾਰੇ ਜਣੇ ਉਹ ਸਾਰੇ ਪਿੰਡ ਦੀਆਂ ਨਾਲੀਆਂ ਕਮਾਉਂਦੇ, ਗਲੀਆਂ ਦੀ ਸਫ਼ਾਈ ਨਿੱਤ ਕਰਦੇ । ਦਿਨ ਚੜ੍ਹਨ ਤੋਂ ਪਹਿਲਾਂ ਹੀ ਕੰਮ ਉਤੇ ਲਗ ਜਾਂਦੇ । ਦੁਪਹਿਰ ਤਕ ਸਾਰਾ ਕੰਮ ਮੁਕਾ ਲੈਂਦੇ । ਸ਼ਾਮ ਨੂੰ ਘਰ ਘਰ ਜਾ ਕੇ ਆਟਾ ਮੰਗਦੇ ।

ਬਿਲੂਏ ਦੀ ਧੀ ਕੋਈ ਖ਼ਾਸ ਸੋਹਣੀ ਨਹੀਂ ਸੀ । ਨਿੱਕੀਆਂ ਨਿੱਕੀਆਂ ਬੇਚਮਕ ਅੱਖਾਂ, ਫੇਠਾ ਹੋਇਆ ਨੱਕ ਤੇ ਰੰਗ ਨਸਵਾਰੀ ਜਿਹਾ । ਲਾਲ ਰੰਗ ਦੀ ਘੁੱਟਵੀਂ ਪਜਾਮੀ, ਲਾਲ ਜ਼ਮੀਨ ਵਾਲੀ ਚਿੱਟੀਆਂ ਤੇ ਕਾਲੀਆਂ ਡੱਬੀਆਂ ਦੀ, ਕਮੀਜ਼, ਸਿਰ ਉਤੇ ਕਾਲੀ ਚੁੰਨੀ ਤੇ ਪੈਰਾਂ ਵਿਚ ਕਾਲੇ ਚੰਮ ਦੀ ਗੁਰਗਾਬੀ । ਨਿੱਤ ਦੰਦਾਸਾ, ਨਿੱਤ ਸੁਰਮਾ ।

ਪਿੰਡ ਦੇ ਨੌਜਵਾਨ ਲੰਡਰ ਮੁੰਡੇ ਚੋਰ-ਅੱਖ ਉਸ ਨੂੰ ਤਾੜਦੇ ਰਹਿੰਦੇ । ਆਪੋ-ਵਿਚ ਗੱਲ ਕਰਦੇ — ਕੀ ਮਾੜੀ ਐ । ਪਰ ਕੁੜੀ ਕਿਸੇ ਵਲ ਅੱਖ ਭਰ ਕੇ ਨਾ ਝਾਕਦੀ । ਆਪਣੇ ਕੰਮ ਵਿਚ ਮਗਨ ਰਹਿੰਦੀ । ਲੱਕੜ ਦੇ ਮੁੱਠੇ ਵਾਲੀ ਲੰਬੀ ਸੂਹਣ ਲਗਾਤਾਰ ਚਲਦੀ । ਗਰਦ ਉੱਡਦੀ । ਲੰਘਣ ਵਾਲੇ ਦਾਅ ਬਚਾ ਕੇ ਗੁਜ਼ਰ ਜਾਂਦੇ । ਕੁੜੀ ਤਾਂ ਨੀਵੀਂ ਪਾਈ ਆਪਣੇ ਹਿਸਾਬ ਅਨੁਸਾਰ ਗਲੀ ਦੇ ਏਧਰੋਂ ਓਧਰ, ਉਧਰੋਂ ਏਧਰ ਜ਼ਮੀਨ ਸੰਭਰਦੀ ਤੁਰੀ ਜਾਂਦੀ ।

ਅਰਜਨ ਸਿੰਘ ਦੇ ਬੇਮੁਹਾਰ ਮੁੰਡੇ ਨੇ ਇਕ ਮੋੜ ਉਤੇ ਇਕ ਦਿਨ ਕੁੜੀ ਦੀ ਚੁੰਨੀ ਦਾ ਲੜ ਖਿੱਚ ਦਿਤਾ ਸੀ ਤੇ ਬਦਮਾਸ਼ ਦਬਵਾਂ ਹਾਸਾ ਛਣਛਣਾ ਕੇ ਕੁੜੀ ਦਾ ਧਿਆਨ ਆਪਣੇ ਵਲ ਕਰਨਾ ਚਾਹਿਆ ਸੀ । ਕੁੜੀ ਕੁਝ ਨਹੀਂ ਬੋਲੀ ਸੀ । ਇਕ ਬਿੰਦ ਰੁਕੀ ਸੀ, ਸੂਹਣ ਦਾ ਮੁੱਠਾ ਠੋਕਰਿਆ ਸੀ ਤੇ ਫਿਰ ਸੰਭਰਣ ਲਗ ਪਈ ਸੀ । ਜਿਵੇਂ ਕੁਝ ਵਾਪਰਿਆ ਹੀ ਨਾ ਹੋਵੇ । ਮੁੰਡਾ ਤੇਜ਼ੀ ਨਾਲ ਅਗੇ ਨਿਕਲ ਗਿਆ ਸੀ । ਤੇ ਫਿਰ ਕਈ ਦਿਨਾਂ ਬਾਅਦ ਉਸੇ ਮੁੰਡੇ ਨੇ ਕੁੜੀ ਦੀ ਚੁੰਨੀ ਫਿਰ ਖਿੱਚੀ ਸੀ । ਇਸ ਵਾਰ ਤਾਂ ਕੁੜੀ ਕੜਕ ਉੱਠੀ ਸੀ — "ਥਾਰੀ ਛੋਕਰੀ ਨੈ......" ਉਹ ਦੌੜ ਗਿਆ ਸੀ । ਕਿਸੇ ਹੋਰ ਨੇ ਉਸ ਨੂੰ ਨਹੀਂ ਦੇਖਿਆ ਸੀ ।

ਅਰਜਨ ਸਿੰਘ ਦੇ ਮੁੰਡੇ ਨੇ ਇਕ ਦਿਨ ਉਸ ਨੂੰ ਭੀੜੀ ਗਲੀ ਵਿਚ ਸੰਭਰਦਿਆਂ ਵੀ ਦੇਖਿਆ ਸੀ । ਉਹ ਕੋਈ ਫ਼ੈਸਲਾ ਲੈ ਗਿਆ ਸੀ । ਭੀੜੀ ਗਲੀ ਵਿਚ ਦੋ-ਤਿੰਨ ਹੀ ਬਾਰ ਸਨ । ਇਕ ਬਾਰ ਇਕ ਸੁੰਨੇ ਘਰ ਦਾ ਸੀ । ਉਸ ਘਰ ਦਾ ਇਕ ਬਾਰ ਦੂਜੇ ਪਾਸੇ ਵੀ ਸੀ । ਘਰ ਕੀ ਸੀ, ਬਸ ਇਕ ਸਬਾਤ ਤੇ ਭੀੜੀ ਗਲੀ ਵਾਲੇ ਪਾਸੇ ਇਕ ਡਿਉਢੀ ਜਿਹੀ । ਡਿਉਢੀ ਤੇ ਸਬਾਤ ਦੀਆਂ ਛੱਤਾਂ ਚਿਉਂਦੀਆਂ ਸਨ । ਕੰਧਾਂ ਦੇ ਲਿਉੜ ਲਹੇ ਪਏ ਸਨ । ਧਰਤੀ ਉੱਫਣੀ ਹੋਈ ਸੀ । ਸਬਾਤ ਤੇ ਡਿਉਢੀ ਵਿਚ ਸਮਾਨ ਕੋਈ ਨਹੀਂ ਸੀ । ਕੋਈ ਇਸ ਨੂੰ ਛੱਡ ਕੇ ਸ਼ਹਿਰ ਜਾ ਵਸਿਆ ਸੀ । ਕਿਰਾਏ ਉਤੇ ਦੇਣਾ ਵੀ ਮੁਨਾਸਬ ਨਹੀਂ ਸਮਝਿਆ ਹੋਵੇਗਾ । ਅਰਜਨ ਸਿੰਘ ਦੇ ਮੁੰਡੇ ਨੇ ਦੂਜੇ ਪਾਸਿਓਂ ਸਬਾਤ ਦੀ ਦੇਹਲੀ ਨੂੰ ਲਗਿਆ ਜਿੰਦਾ ਕਿਸੇ ਵੇਲੇ ਭੰਨਿਆ ਸੀ ਤੇ ਡਿਉਢੀ ਦਾ ਅੰਦਰਲਾ ਕੁੰਡਾ ਖੋਲ੍ਹ ਕੇ ਇਕ ਵਿਉਂਤ ਮਿਥ ਲਈ ਸੀ । ਦੂਜੇ ਪਾਸੇ ਸਬਾਤ ਮੂਹਰੇ ਛੋਟਾ ਜਿਹਾ ਵਿਹੜਾ ਵੀ ਸੀ । ਵਿਹੜੇ ਤੋਂ ਅਗੇ ਉੱਚੀ ਉੱਚੀ ਕੰਧ ਤੇ ਮਹਿਰਾਬੀ ਬਾਰ ਨੂੰ ਇਕ ਹੋਰ ਜਿੰਦਾ ਲਗਿਆ ਹੋਇਆ ਸੀ । ਵਿਹੜੇ ਵਿਚ ਛਾਲ ਮਾਰ ਕੇ ਹੀ ਉਸ ਨੇ ਸਬਾਤ ਦਾ ਜਿੰਦਾ ਭੰਨਿਆ ਹੋਵੇਗਾ ।

ਇਕ ਦਿਨ ਸਵੇਰੇ ਸਵੇਰੇ ਬਿਲੂਏ ਭੰਗੀ ਦੀ ਮੁਟਿਆਰ ਧੀ ਉਸ ਭੀੜੀ ਗਲੀ ਵਿਚ ਝਾੜੂ ਦੇਣ ਆਈ ਤਾਂ ਅਰਜਨ ਸਿੰਘ ਦੇ ਮੁੰਡੇ ਨੇ ਚੁੱਕ ਕੇ ਉਸ ਨੂੰ ਅੰਦਰ ਧਰ ਲਿਆ । ਬਿਲੂਏ ਨੂੰ ਪਤਾ ਲਗਿਆ ਤੇ ਆਪਣੀ ਧੀ ਦਾ ਇਹ ਹਾਲ ਦੇਖਿਆ ਤਾਂ ਉਹ ਪੱਟਾਂ ਉਤੇ ਹੱਥ ਮਾਰ ਕੇ ਬੈਠ ਗਿਆ । ਇਕ ਉੱਚੀ ਧਾਹ ਮਾਰੀ । ਇਸ ਪਿੰਡ ਤੋਂ ਪਹਿਲਾਂ ਦੋ ਪਿੰਡਾਂ ਵਿਚ ਹੋਰ ਵੀ ਉਹ ਕੰਮ ਕਰ ਆਇਆ ਸੀ । ਉਥੋਂ ਦੇ ਲੋਕ ਤਾਂ ਇਹੋ ਜਿਹੇ ਨਹੀਂ ਸਨ । ਉਨ੍ਹਾਂ ਪਿੰਡਾਂ ਦੇ ਲੋਕ ਤਾਂ ਬੜੇ ਸ਼ਰੀਫ ਸਨ, ਬੜੇ ਭਲੇ ਮਾਣਸ । ਹਰ ਇਕ ਦੀ ਧੀ-ਭੈਣ ਨੂੰ ਆਪਣਾ ਸਮਝਣ ਵਾਲੇ । ਪਰ ਬਿਲੂਏ ਭੋਲੇ

ਨੂੰ ਇਹ ਪਤਾ ਨਹੀਂ ਹੋਵੇਗਾ ਕਿ ਉਨ੍ਹਾਂ ਪਿੰਡਾਂ ਵੇਲੇ ਤਾਂ ਉਸ ਦੀ ਧੀ ਬਹੁਤ ਨਿੱਕੀ ਸੀ।

ਸ਼ਾਮ ਤੱਕ ਹਰ ਮੂੰਹ ਉਤੇ ਗੱਲ ਸੀ — ਐਡਾ ਵਡਾ ਘਰ ਐ ਅਰਜਨ ਸਿੰਘ ਦਾ, ਇਹ ਕੀ ਲੋਹੜਾ ਮਾਰਿਆ ਉਹਦੇ ਮੁੰਡੇ ਨੇ ? ਆਵਦੀ 'ਤਾਂ ਛੱਡ ਰਖੀ ਐ, ਉਹਨੂੰ ਤਾਂ ਸਿਆਣਦਾ ਨ੍ਹੀ. ਗ਼ਰੀਬਾਂ 'ਤੇ ਵਾਰ ਕਰ 'ਤਾ। ਪਰਦੇਸੀ ਈ ਤਕਾ 'ਲੇ ਨਾ.....

ਤੇ ਫਿਰ ਦੂਜੇ ਦਿਨ ਕਿਸੇ ਨੇ ਬਿਲੂਏ ਨੂੰ ਕਿਹਾ ਸੀ ਕਿ ਉਹ ਲੋਕਾਂ ਦਾ ਇਕੱਠ ਬੁਲਾਏ। ਆਪਣੀ ਅਰਜ ਕਰੇ। ਕੁਝ ਤਾਂ ਕਹੇਗੀ, ਪੰਚਾਇਤ। ਕਲ੍ਹ ਨੂੰ, ਹੋਰ ਕਿਸੇ ਨੂੰ ਮੂੰਹ ਪਵੇਗਾ।

ਸੋ ਅਜ ਸਵੇਰੇ ਪਿੰਡ ਦੀ ਸੱਥ ਵਿਚ ਲੋਕਾਂ ਦਾ ਇਕੱਠ ਸੀ। ਬਿਲੂਆ ਭੰਗੀ ਬੋਲ ਰਿਹਾ ਸੀ......

— ਗੱਲ ਸੁਣ ਓਏ, ਗੱਲ ਸੁਣ ਤੂੰ ਮੇਰੀ। ਜਿਹੜਾ ਤੂੰ ਸਾਨੂੰ ਐਥੇ ਸੱਦ ਕੇ ਇਹ ਗੱਲ ਕੀਤੀ ਐ ਨਾ, ਤੈਂ ਤਾਂ ਆਪ ਮਿੱਟੀ ਪੱਟ 'ਲੀ ਭਲਿਆਮਾਣਸਾ......। ਸਰਪੰਚ ਉਸ ਨੂੰ ਸਮਝਾ ਰਿਹਾ ਸੀ।

— ਜੇ ਮਾੜਾ ਜਾ ਹੱਥ ਲਾ ਤਾਂ, ਤਾਂ ਦਸ ਕੀ ਗਜਬ ਹੋ ਗਿਆ। ਐਵੇਂ ਚੱਕ 'ਤਾ ਤੈਨੂੰ ਕਿਸੇ ਨੇ। ਜੇ ਕੋਈ ਵਡੀ ਗੱਲ ਹੋਈ ਹੁੰਦੀ, ਫੇਰ ਤਾਂ ਅਸੀਂ ਮੰਨਦੇ। ਇਹ ਤਾਂ......। ਇਕ ਪੰਚ ਬੋਲਣ ਲਗਿਆ।

— ਯੇ ਕੋਈ ਬੜੀ ਬਾਤ ਨੀਂ, ਸਾਰਾਜ ? ਕ ਰਹਿ ਗਿਆ ਮ੍ਹਾਰਾ ? ਇਸ ਸੈ ਬੜੀ ਬਾਤ ਕੇ ਹੋਗੀ ? ਬਿਲੂਏ ਦੀ ਆਵਾਜ਼ ਹੁਣ ਨੀਵੀਂ ਸੀ।

— ਕੱਠ ਨ੍ਹੀ ਸੀ ਤੈਂ ਕਰਨਾ, ਮੂਰਖਾ। ਉਂ ਕਹਿੰਦਾ ਸਾਨੂੰ, ਸਮਝਾ ਦਿੰਦੇ ਅਸੀਂ ਮੁੰਡੇ ਨੂੰ। ਨਾਬਰ ਤਾਂ ਨ੍ਹੀ ਕੋਈ, ਪੰਜਾਹ ਮਾਰਦੇ ਸਾਲੇ ਦੇ ਜੁੱਤੀਆਂ......। ਦੂਜਾ ਪੰਚ ਕਹਿਣ ਲਗਿਆ।

— ਬਈ ਚੁੰਨੀ ਨੂੰ ਹੱਥ ਲਾ 'ਤਾ, ਕੀ ਹੋ ਗਿਆ। ਐਡੀ ਕੀ......। ਨੰਬਰਦਾਰ ਬਿਲੂਏ ਦੇ ਮੌਢੇ ਨੂੰ ਹੱਥ ਲਾ ਕੇ ਕਹਿਣ ਲਗਿਆ ਸੀ।

— ਮ੍ਹਾਰੀ ਇੱਜ਼ਤ ਕਾ ਸਵਾਲ ਐ, ਬਾਊ ਜੀ......। ਬਿਲੂਆ ਫਿਰ ਬੁੜ੍ਹਕ ਪਿਆ ਸੀ। ਉਸ ਦੀਆਂ ਅੱਖਾਂ ਲਾਲ ਸਨ। ਨੱਕੋਂ ਪਾਣੀ ਜਾ ਰਿਹਾ ਸੀ।

--- ਦੱਸ ਵੀ ਫੇਰ, ਕਰੀਏ ਕੀ ? ਮੁੰਡਾ ਤਾਂ ਪਤਾ ਨ੍ਹੀ ਕਿਥੇ ਐ। ਅਰਜਨ ਸਿਓਂ ਆਹ ਬੈਠੇ, ਕਹੀਂ ਜਾਂਦੇ, ਬਈ ਮਾੜੀ ਗੱਲ ਹੋਈ। ਹੋਰ ਦਸ। ਸਰਪੰਚ ਬੋਲਿਆ।

— ਥਮ ਨੈ ਕੋਛ ਕਰਨਾ ਨੀ ਨਾ, ਏਕ ਵਾਰ ਉਸ ਛੋਕਰੇ ਨੂੰ ਮ੍ਹਾਰੇ ਸਾਮ੍ਹਣੇ ਲਾ ਦੀਓ, ਉਸ ਕੀ ਸੂਰਤ ਤੋਂ ਦੇਖਾਂ......ਮੈਂ ਉਸ ਕੀ......।ਬਿਲੂਆ ਕੰਬ ਰਿਹਾ ਸੀ।

--- ਕੀ ਕਰੇਂਗਾ ਤੂੰ ? ਕੀ ਕਰਤਾ ਤੈਨੂੰ ? ਕੁਰੜ ਕੁਰੜ ਲਾਈ ਐ। ਕਹੀਂ ਤਾਂ ਜਾਨੇ ਆਂ, ਹੋਰ ਦਸ ਕੀ ਸ਼ਿਸ਼ਨ ਲਾਦੇਂਗਾਂ ਤੂੰ ? ਇਕ ਬੰਦਾ ਉਠਿਆ ਤੇ ਮਾਰਨ ਵਾਂਗ ਬਿਲੂਏ ਵਲ ਅਹੁਲਿਆ।

--- ਓਏ ਮਾਰ ਨੈ ਗਰੀਬ ਏਹੋ। ਤੇਰੀ ਧੀ ਨੂੰ ਕਰੇ ਕੋਈ। ਇਕ ਹੋਰ ਆਦਮੀ ਖੜਾ ਹੋ ਗਿਆ। ਤੇ ਫਿਰ ਸਾਰਾ ਇਕੱਠ ਆਪਸ ਵਿਚ ਬੋਲਣ ਲਗਿਆ। ਕਿਸੇ ਦੇ ਕੋਈ ਗੱਲ ਪੱਲੇ ਨਹੀਂ ਪੈ ਰਹੀ ਸੀ। ਸਭ ਆਪੋ-ਆਪਣੀਆਂ ਛੱਡ ਰਹੇ ਸਨ।

— ਲਾਓ ਗਾਂ ਸਾਲੇ ਦੇ ਜੁੱਤੀਆਂ, ਐਥੇ ਸੱਥ 'ਚ ਲਿਆ ਕੇ। ਕਿਸੇ ਦੀ ਉੱਚੀ ਆਵਾਜ਼ ਸੀ।

— ਗੱਲ ਸੁਣ ਓਏ, ਭੰਗੀਆ, ਤੈਂ ਪਿੰਡ 'ਚ ਰਹਿਣੈ ਕਿ ਨਹੀਂ ? ਸਰਪੰਚ ਨੇ ਉਸ ਦੇ ਕੋਲ ਜਾ ਕੇ ਆਖਿਆ।

— ਕਿਉਂ ਮਾਰਾਜ ?

— ਆਵਦੀ ਤਾਂ ਤੂੰ ਗੱਲ ਛੱਡ, ਤੂੰ ਸਾਨੂੰ ਆਪੋ-ਵਿਚ ਮਰਵਾਏਂਗਾ। ਤੂੰ ਬਾਬਾ ਡੰਡੀ ਪੈ। ਹੋਰ ਕਿਸੇ ਪਿੰਡ ਵਗ ਜਾ। ਅਸੀਂ ਨਵਾਂ ਭੰਗੀ ਲੈ ਆਵਾਂਗੇ ਕੋਈ। ਦੋ ਧੜੇ ਬਣਾ ਕੇ ਕਾਰਾ ਕਰਵਾਏਂਗਾ ਕੋਈ। ਸਰਪੰਚ ਨੇ ਸਮਝੌਤੀ ਦਿਤੀ।

ਇਕ ਕੋਈ ਬਿਲੂਏ ਵਲ ਭੱਜ ਕੇ ਆਇਆ ਤੇ ਉਸ ਦਾ ਹੱਥ ਫੜਨ ਲਗਿਆ। ਕੋਈ ਹੋਰ ਆ ਕੇ ਹੱਥ ਫੜਨ ਵਾਲੇ ਨੂੰ ਕੜਕਿਆ — ਲਾ ਹੱਥ।

ਰਾਤ ਵਾਲੀਆਂ ਚਾਰ ਬੋਤਲਾਂ ਕੰਮ ਕਰ ਰਹੀਆਂ ਸਨ। ਅਰਜਨ ਸਿੰਘ ਦੇਖ ਰਿਹਾ ਸੀ, ਉਹ ਕਿੰਨਾ ਕੁ ਪੱਖ ਕਰਦੇ ਹਨ।

— ਪੁਲਿਸ ਨੂੰ ਕਿਉਂ ਨ੍ਹੀ ਦਿੰਦਾ ਕੇਸ ਤੂੰ ? ਕਿਸੇ ਹੋਰ ਨੇ ਬਿਲੂਏ ਨੂੰ ਸੁਝਾਓ ਦਿਤਾ।

ਬਿਲੂਆ ਚੁੱਪ ਕੀਤਾ ਬੈਠਾ ਸੀ। ਲੋਕ ਬੋਲੀ ਜਾ ਰਹੇ ਸਨ। ਬੋਲਦੇ ਬੋਲਦੇ ਨਿਖੜਨ ਲਗੇ ਸਨ। ਇਕ ਇਕ ਦੋ ਦੋ ਕਰ ਕੇ ਘਰਾਂ ਨੂੰ ਜਾ ਰਹੇ ਸਨ — ਓਏ ਆਪਾਂ ਭੰਗੀ ਪਿਛੇ ਕਾਹਨੂੰ ਕੂਹਣੀਓ-ਕੂਹਣੀ ਹੋਈ ਜਾਨੇ ਆਂ। ਹੋਰ ਲੜ ਕੇ ਮਰਾਂਗੇ। ਇਹਦਾ ਕੀ ਜਾਊ ਜਾਤ ਦਾ। ਕੋਈ ਕਹਿੰਦਾ ਜਾ ਰਿਹਾ ਸੀ — ਨ੍ਹੇਰ ਪੈ ਗਿਆ ਜਾਰੋ ਦੁਨੀਆਂ ਤੇ, ਗਰੀਬ ਦੀ ਤਾਂ ਕੋਈ ਸੁਣਦਾ ਈ ਨ੍ਹੀ। ਕੋਈ ਹੋਰ ਕਹਿ ਰਿਹਾ ਸੀ।

ਸੱਥ ਵਿਚ ਹੁਣ ਇਕ ਸਰਪੰਚ ਸੀ, ਦੋ ਬੰਦੇ ਹੋਰ ਤੇ ਜਾਂ ਬਿਲੂਆ ਡੱਕੇ ਨਾਲ ਮਿੱਟੀ ਖੁਰਲ ਰਿਹਾ ਸੀ।

--- ਬਥੇਰੀ ਹੋ ਗਈ। ਤੂੰ ਹੁਣ ਜਾਹ ਘਰ ਨੂੰ। ਕੁੜੀ ਦਾ ਵਿਆਹ ਕਰਦੇ। ਜ਼ਮਾਨਾ ਬਹੁਤ ਮਾੜੈ, ਭਲਿਆ-ਮਾਣਸਾ। ਤੇ ਫਿਰ ਕਰੜਾ ਹੋ ਕੇ ਸਰਪੰਚ ਨੇ ਕਿਹਾ ਸੀ — ਜੇ ਅਜੇ ਵੀ ਤੇਰੀ ਤਸੱਲੀ ਨ੍ਹੀ ਹੋਈ ਤਾਂ ਪਿੰਡ ਛੱਡ ਜਾ।

ਬਿਲੂਆ ਭੰਗੀ ਸੋਚ ਰਿਹਾ ਸੀ — ਰੋਜ਼ਗਾਰ ਦਾ ਸਵਾਲ ਵੀ ਤਾਂ ਹੈ। ਭੰਗੀਆਂ ਦੇ ਤਾਂ ਕਿੰਨੇ ਟੱਬਰ ਵਿਹਲੇ ਫਿਰਦੇ ਨੇ। ਤੇ ਫਿਰ ਉਸ ਨੇ ਸਰਪੰਚ ਨੂੰ ਐਨਾ ਹੀ ਆਖਿਆ — ਥਾਰੀ ਬਾਤ ਮਾਨੂ ਸੂੰ, ਬਾਊ ਜੀ। ਥਾਰੇ ਗਾਓਂ ਮੇਂ ਬੈਠੇ ਆਂ। ਥਾਰਾ ਈ ਖਾਵੈਂ। ਔਰ ਕੇ......। ਉਹ ਰੋਣ ਲਗਿਆ ਸੀ।


# ਭਾਰਤੀ ਆਰਟ ਜਿਊਲਰਜ਼

**ORIENTAL SILVER AND GOLD JEWELRY REPAIRING**



**New Store**
**9:00 a.m. to 6:30 p.m.**

# BHARTI ART JEWELLERS

***Specialist in East Indian Jewelry Craftware***

**RASIK PAREKH**
**Res.: 879-5610**
**Store: 874-9448**

**865 Kingsway nr. Fraser**
**Vancouver B.C., Canada**

**We Also Take Orders For**
**Marriage Party Photos and Group Photos**
**Contact Raj**

Are you looking for

# Miller's BODY SHOP LTD.

COMPLETE COLLISION REPAIRS

I.C.B.C. CLAIMS — 6 Days a Week Service

OPENS : 8.30 TO 8.00
COURTESY CARS AVAILABLE
LOW RATES
GUARANTEED WORK

Phone: 435-3133
SAM (SEWA) JEERH

5792 Beresford Street
South Burnaby, B.C.

8% Rebate on ICBC Claim (Labour Only)

Here we are




# GABA TRAVELS

4270 FRASER STREET
VANCOUVER
PHONE: 876-0812
or 876-8121
(RAVINDER GABA)



*We have special groups going to INDIA, FIJI, HONGKONG and CHARTERED FLIGHTS to London.*

Indian, Fijian and Canadian Passports are also arranged.

For your friends or relatives coming from India as visitors or immigrants, we have the following offices in India to serve you better:

1. NURMAHAL (Jullundur) phone 49.
2. ROXY HOTEL BLDG. (Jullundur) phone P.P. 5370 and 7018.
3. JANDIALA (Jullundur).
4. 5-L Connought Circus, New Delhi Phone 46459

Contact: Mr. Manohar Lal Gaba)

# TAKHAR APPLIANCE SERVICE

We specialize in repairs to all makes and models of:

WASHERS-DRYERS-STOVES-FREEZERS
REFRIDGERATORS
ELECTRIC WATER TANKS-DISHWASHERS

ਹਰ ਪ੍ਰਕਾਰ ਦੇ
ਘਰੇਲੂ ਬਿਜਲੀ ਦੇ ਸਮਾਨ
ਜਿਵੇਂ ਕਪੜੇ ਧੋਣ ਤੇ ਸੁਕਾਉਣ
ਦੀਆਂ ਮਸ਼ੀਨਾਂ ਫਰਿਜ ਤੇ
ਫਰੀਜ਼ਰ, ਸਟੋਵ ਪਲੇਟਾਂ ਧੋਣ
ਵਾਲੀਆਂ ਮਸ਼ੀਨਾਂ, ਦੀ
ਸਸਤੀ ਤੇ ਭਰੋਸੇ ਯੋਗ
ਮੁਰੰਮਤ ਵਾਸਤੇ ਸਾਨੂੰ
ਫੂਨ ਕਰੋ।



ਪ੍ਰਧਾਨ ਸਿੰਘ ਤੱਖਰ

PARDHAN S. TAKHAR

B.C. CERTIFIED TECHNICIANS

PHONE 584-6372

24 HOUR SERVICE

# Super Saver Grocery Store 6236 Fraser St Vancouver

ਹਰ ਕਿਸਮ ਦੀ ਗਰੋਸਰੀ
ਖ਼ਰੀਦਣ ਲਈ ਸਾਡੀ ਦੁਕਾਨ
ਤੇ ਆਓ।
ਸਾਡੇ ਕੋਲੋਂ ਹਰ ਕਿਸਮ
ਦੀ ਭਾਰਤੀ ਗਰੋਸਰੀ
ਮਿਲਦੀ ਹੈ। ਇਥੇ
ਹੀ ਬੱਸ ਨਹੀਂ ਸਾਡੇ
ਕੋਲੋਂ ਸਪੈਸ਼ਲ ਖਾਣਿਆਂ
ਵਿਚ ਵਰਤੀਆਂ ਜਾਣ
ਵਾਲੀਆਂ ਹਰ ਕਿਸਮ
ਦੀਆਂ ਚੀਜ਼ਾਂ ਮਿਲਦੀਆਂ ਹਨ।



PAL

*Time: 9 a.m.-9 p.m.*
*Seven days a week.*

**Tel. Bus.324-1838, Res.278-5802**

ਰਿਪੋਰਟ:

# ਇਕ ਯਾਦਗਾਰੀ ਸ਼ਾਮ

ਜਰਨੈਲ ਸਿੰਘ


ਦਸ ਦਸੰਬਰ 1977 ਦੀ ਸ਼ਾਮ ਪੰਜਾਬੀ ਲਿਖਾਰੀ ਸਭਾ ਵੈਨਕੂਵਰ ਦੇ ਇਤਿਹਾਸ ਵਿਚ ਇਕ ਯਾਦਗਾਰੀ ਸ਼ਾਮ ਸੀ। ਇਸ ਦਿਨ ਸਭਾ ਦੀ ਸਰਪ੍ਰਸਤੀ ਹੇਠ ਮੈਕਫਰਸਨ ਐਲੀਮੈਂਟਰੀ ਸਕੂਲ ਵਿਚ ਇਕ ਪੰਜਾਬੀ ਕਵੀ ਦਰਬਾਰ ਕੀਤਾ ਗਿਆ। ਕਵੀ ਦਰਬਾਰ ਦੇ ਨਾਲ ਸਭਾ ਦੇ ਮੈਂਬਰ ਅਜਮੇਰ ਰੋਡੇ ਦਾ ਲਿਖਿਆ ਤੇ ਨਿਰਦੇਸ਼ਤ ਇਕਾਂਗੀ "ਦੂਜਾ ਪਾਸਾ" (THE OTHER SIDE) ਬੜੀ ਸਫਲਤਾ ਨਾਲ ਖੇਡਿਆ ਗਿਆ।

ਕਵੀ ਦਰਬਾਰ ਦਾ ਆਰੰਭ ਵੈਨਕੂਵਰ ਨਿਵਾਸੀ ਪ੍ਰਸਿੱਧ ਗਾਇਕ ਤੇ ਸੰਗੀਤਕਾਰ ਬਲਬੀਰ ਸਿੰਘ ਭੰਗੂ ਨੇ ਬੁਲ੍ਹੇ ਸ਼ਾਹ ਦੀ ਕਾਫ਼ੀ 'ਇਸ਼ਕ ਦੀ ਨਵੀਓਂ ਨਵੀਂ ਬਹਾਰ' ਨਾਲ ਕੀਤਾ। ਇਸ ਪਿਛੋਂ ਸਭਾ ਦੇ ਮੈਂਬਰਾਂ ਹਰਦੇਵ ਦੁਸਾਂਝ, ਅਜਮੇਰ ਰੋਡੇ, ਅਮਰਜੀਤ ਚਾਹਲ, ਅਮਰਜੀਤ ਸੂਫ਼ੀ, ਸਾਧੂ, ਜਰਨੈਲ ਸਿੰਘ, ਸਰੂਪ ਚੀਮਾ ਆਦਿ ਨੇ ਆਪਣੀਆਂ ਮੌਲਿਕ ਕਵਿਤਾਵਾਂ ਸੁਣਾਈਆਂ। ਸਭਾ ਦੇ ਮੈਂਬਰਾਂ ਤੋਂ ਬਿਨਾਂ ਦਰਸ਼ਨ ਚੀਮਾ, ਨਵਿੰਦਰ ਭਾਰਤੀ, ਸਵਿੰਦਰ ਸੁਮਨ, ਇਕਬਾਲ ਸੁਮਨ, ਬਚਿੱਤਰ, ਸੁਖਵਿੰਦਰ ਕੂਨਰ, ਰਾਮ ਸਿੰਘ ਢਿੱਲੋਂ, ਸਰਦਾਰ ਸੁਜਾਨ ਸਿੰਘ (ਬਜ਼ੁਰਗ ਦੇਸ਼-ਭਗਤ), (ਡਾ.) ਬਲਜੀਤ ਸਿੰਘ, ਬਖ਼ਸ਼ੀਸ਼ ਢਿੱਲੋਂ, ਦਲਜੀਤ ਕਲਿਆਣਪੁਰੀ ਆਦਿ ਨੇ ਕਵਿਤਾਵਾਂ, ਗੀਤਾਂ ਅਤੇ ਗ਼ਜ਼ਲਾਂ ਨਾਲ ਸਰੋਤਿਆਂ ਨੂੰ ਨਿਹਾਲ ਕੀਤਾ। ਕਵੀ ਦਰਬਾਰ ਦੀ ਸਮਾਪਤੀ ਦਵਿੰਦਰ ਸਿੰਘ ਹੁੰਦਲ ਨੇ ਬਹਾਦਰ ਸ਼ਾਹ ਜ਼ਫ਼ਰ ਦੀ ਗ਼ਜ਼ਲ 'ਲਗਤਾ ਨਹੀਂ ਹੈ ਦਿਲ ਮੇਰਾ ਉਜੜੇ ਦਿਆਰ ਮੇਂ' ਨਾਲ ਕੀਤੀ।

ਕਵੀ ਦਰਬਾਰ ਦੀ ਸਮਾਪਤੀ ਤੋਂ ਬਾਅਦ ਦਸ ਮਿੰਟ ਦੇ ਇੰਟਰਵਲ ਪਿਛੋਂ ਇਕਾਂਗੀ "ਦੂਜਾ ਪਾਸਾ" ਆਰੰਭ ਹੋਇਆ। ਇਸ ਵਿਚ ਸੂਤਰਧਾਰ ਦਾ ਰੋਲ ਸੁਰਜੀਤ ਕਲਸੀ ਨੇ ਨਿਭਾਇਆ। "ਦੂਜਾ ਪਾਸਾ" ਖੇਡਣ ਵਾਲੇ ਕਲਾਕਾਰ ਸਨ: ਇਵੈਂਜ਼, ਪਾਲ ਬਿਨਿੰਗ, ਦਰਸ਼ਨ ਚੀਮਾ, ਕਰਮਜੀਤ ਖੁਮਾਣ, [illegible] ਤੇ ਰਘਬੀਰ। ਮੇਕਅਪ ਦਾ ਕੰਮ ਉਦੇ ਕੋਂਟਾਰਾ ਦੇ ਜ਼ਿੰਮੇ ਸੀ।

ਇਕਾਂਗੀ "ਦੂਜਾ ਪਾਸਾ" ਕੈਨੇਡਾ ਵਿਚ ਵਸਦੇ ਇਕ ਸਿੱਖ ਦਾ ਦੁਖਾਂਤ ਪੇਸ਼ ਕਰਦਾ ਹੈ ਜੋ ਪੱਗ-ਦਾੜ੍ਹੀ ਹੋਣ ਕਰਕੇ ਗੋਰੇ ਪੱਕਿਆਂ ਹੱਥੋਂ ਨਸਲੀ ਵਿਤਕਰੇ ਦਾ ਸ਼ਿਕਾਰ ਹੁੰਦਾ ਹੈ। ਇਹ ਵਿਅਕਤੀਗਤ ਦੁਖਾਂਤ ਤੋਂ ਵਧ ਕੇ ਪਰਵਾਰਕ ਤੇ ਸਮਾਜਕ ਦੁਖਾਂਤ ਦਾ ਰੂਪ ਧਾਰਦਾ ਹੈ। ਵਿਤਕਰੇ ਦਾ ਸ਼ਿਕਾਰ ਸਿੱਖ ਕੁਝ ਸਮੇਂ ਲਈ ਲਾਚਾਰ-ਜਿਹਾ ਹੁੰਦਾ ਪ੍ਰਤੀਤ ਹੁੰਦਾ ਹੈ, ਪਰ ਜਦ ਉਸਦਾ ਕੈਨੇਡਾ ਦਾ ਜੰਮ-ਪਲ ਪੁੱਤਰ ਉਸਦੀ ਪੱਗ ਨੂੰ ਉਸਦੀ ਸ਼ਖ਼ਸੀਅਤ ਦਾ ਜ਼ਰੂਰੀ ਅੰਗ ਸਮਝ ਕੇ defend ਕਰਦਾ ਹੈ ਤਾਂ ਇਸ ਨਾਲ ਸਾਹਸਹੀਣ ਪਿਤਾ ਆਪਣੇ ਪਰਿਵਾਰ ਦੇ ਵਿਅਕਤੀਗਤ ਹੱਕ ਨੂੰ ਹਰ ਕੀਮਤ 'ਤੇ ਸੁਰੱਖਿਅਤ ਰੱਖਣ ਲਈ ਤਿਆਰ ਹੁੰਦਾ ਹੈ। ਇਉਂ ਨਾਟਕ ਦਾ ਸਮੁੱਚਾ ਪ੍ਰਭਾਵ ਬੜਾ ਸਾਰਥਕ ਹੈ।

ਸਾਰੇ ਪ੍ਰੋਗ੍ਰਾਮ ਨੂੰ ਲਗਭਗ ਤਿੰਨ ਸੌ ਸਰੋਤਿਆਂ ਨੇ ਬੜੀ ਪ੍ਰਸੰਨਤਾ ਨਾਲ ਸੁਣਿਆ ਤੇ ਵੇਖਿਆ।



ਨਾਟਕ 'ਦੂਜਾ ਪਾਸਾ' ਦੇ ਕਲਾਕਾਰ: ਖੱਬਿਓਂ ਸੱਜੇ: ਦਰਸ਼ਨ ਚੀਮਾ ਜਸਵੰਤ ਕੌਰ ਦੇ ਰੋਲ ਵਿਚ; ਕਰਮਜੀਤ- [illegible] ਸਿੰਘ; ਇਵੈਂਜ਼- ਹਰਨਾਮ ਸਿੰਘ; ਪਾਲ- ਗੁਰਦੀਪ ਸਿੰਘ; ਰਘਬੀਰ- ਜਗਦੇਵ ਸਿੰਘ; [illegible]- ਬਲਦੇਵ ਦੇ ਰੋਲ ਵਿਚ।

ਰੀਪੋਰਟ

# ਸੰਗੀਤ ਦੀ ਇਕ ਸ਼ਾਮ

— ਸ਼ਮਸ਼ੇਰ ਭੱਟੀ

ਵੈਨਕੂਵਰ ਦਾ ਕਲਾ ਮੰਦਰ ਆਪਣੇ ਆਪ 'ਚ ਇਕ ਵੰਨਗੀ ਹੈ। ਵੈਨਕੂਵਰ ਦੇ ਲੋਕਾਂ 'ਚ ਕਲਾ ਮੰਦਰ ਦਾ ਸਵਾਗਤ। ਕਲਾ ਹਸਤਾਕਸ਼ਰਾਂ ਦਾ ਕਲਾ ਮੰਦਰ 'ਚ ਪ੍ਰਵੇਸ਼ ਮੁਬਾਰਕ। ਸਾਡਾ ਸਭ ਦਾ ਕਲਾ ਮੰਦਰ ਨੂੰ ਨਮਸਕਾਰ।

ਕਲਾਕਾਰ ਰੰਗ ਮੰਚ ਤੇ ਕੁੱਝ ਵਿਸ਼ੇਸ਼ ਹੀ ਤਰ੍ਹਾਂ ਦਰਸ਼ਕਾਂ ਅੱਗੇ ਆਏ। "ਐਨ ਈਵਨਿੰਗ ਇਨ ਪੈਰਿਸ" ਦੀ ਸਵਰਬੱਧੀ ਸਾਰੇ ਹਾਲ 'ਚ ਇੱਕ ਦਮ ਗੂੰਜ ਉਠੀ, ਜਿਵੇਂ ਕੋਈ ਬਿਜਲੀ ਚਮਕ ਪਈ ਹੋਵੇ, ਜਿਵੇਂ ਕੋਈ ਤੀਰ ਛੁੱਟ ਪਿਆ ਹੋਵੇ।

ਰੰਗ ਮੰਚ ਸੰਚਾਲਕ ਆਪਣੇ ਕਲਾਕਾਰਾਂ ਨੂੰ ਬੜੇ ਸੁਘੜ ਤਰੀਕੇ ਨਾਲ ਪੇਸ਼ ਕਰ ਰਹੇ ਸਨ। ਉਨ੍ਹਾਂ ਦੀ ਮੰਚ ਤੇ ਪਕੜ ਬੜੀ ਪੀਡੀ ਸੀ ਜਿਸਨੇ ਆਪਣੇ ਸਰੋਤਿਆਂ ਦੀ ਰੁਚੀ ਤੇ ਘਣਤਾ ਨੂੰ ਟੁੱਟਣ ਨਹੀਂ ਦਿੱਤਾ। ਪਰ ਸੁਘੜ ਸਰੋਤਾਗਣ ਨੂੰ ਜੋ ਕੁੱਝ ਖਟਕਦਾ ਰਿਹਾ ਸੀ ਉਹ ਸਨ ਉਹਨਾਂ ਦੀ ਅਭਿਵਿਅਕਤੀ 'ਚ ਕੁੱਝ ਥੁੜਾਂ।

ਜਿਵੇਂ ਹਰ ਪ੍ਰਸਤਾਵਨਾ ਵੇਲੇ ਰੰਗ ਮੰਚ ਸੰਚਾਲਕ ਦਾ ਹਿੰਦੀ ਤੇ ਅੰਗਰੇਜ਼ੀ ਵਿਚ ਭੂਮਿਕਾ ਬੰਨ੍ਹਣਾ। ਅੰਗਰੇਜ਼ੀ 'ਚ ਤਾਂ ਦਸਣਾ ਬਣਦਾ ਸੀ ਜੇ ਹਰ ਇਕ ਨੂੰ ਇਸਦੀ ਲੋੜ ਮਹਿਸੂਸ ਹੁੰਦੀ। ਹਰ ਵਾਰ ਅੰਗਰੇਜ਼ੀ ਦਸਣਾ ਸਰੋਤਾਗਣ ਨੂੰ ਚੁੱਭਦਾ ਰਿਹਾ ਸੀ।

ਕਲਾ, ਕਲਾ ਲਈ ਜਾਂ ਕਲਾ ਲੋਕਾਂ ਲਈ? ਜੇ ਇਹ ਕਲਾ ਲੋਕਾਂ ਲਈ ਸੀ ਤਾਂ ਲੋਕ ਜ਼ਿਆਦਾ ਪੰਜਾਬੀ ਤੇ ਗੁਜਰਾਤੀ ਸਨ। ਕਲਾਕਾਰਾਂ ਵਿਚ ਵੀ ਪੰਜਾਬੀਆਂ ਦੀ ਭਰਮਾਰ ਹੋਣ ਕਰਕੇ ਪੰਜਾਬੀ ਸਰੋਤਾਗਣ ਪੰਜਾਬੀ 'ਚ ਜ਼ਿਆਦਾ ਕੁੱਝ ਦੀ ਆਸ ਕਰਦੇ ਰਹੇ ਸਨ। ਗੁਜਰਾਤੀ 'ਚ ਕੋਈ ਵਸਤੂ ਨਹੀਂ ਸੀ। ਇਹ ਉਹਨਾਂ ਦੇ ਸਬੰਧ 'ਚ ਸਰੋਤਾਗਣ ਨੂੰ ਖਟਕਦਾ ਰਿਹਾ ਅਧੂਰਾਪਣ ਸੀ।

ਹਰ ਇਕ ਵਸਤੂ ਨੇ ਸਰੋਤਾਗਣ ਦਾ ਧਿਆਨ ਖਿਚਿਆ ਸੀ। ਭਠਿਆਰੀ ਰਾਗ ਦੀ ਸਵਰਬੱਧੀ ਉਹਨਾਂ ਦੀ ਕਲਾ ਵਿਅੰਜਨਾ ਤੇ ਕਲਾ ਸਾਧਨਾ ਦਾ ਪ੍ਰਤੱਖ ਪ੍ਰਮਾਣ ਸੀ। ਲੱਗਦਾ ਸੀ ਰੰਗ ਮੰਚ ਤੇ ਇਕ ਦਮ ਕਈ ਮੁਟਿਆਰਾਂ ਪੰਜੇਬਾਂ ਪਾਈ ਉਤਰ ਆਈਆਂ ਹੋਣ।

ਪਰ ਇਥੇ ਹੀ ਕਲਾ ਦੀ ਹੱਦ ਨਹੀਂ ਹੈ। ਕਲਾ ਮੰਦਰ ਇਸ ਕਾਮਯਾਬ ਕਿਰਤ ਲਈ ਵਧਾਈ ਦਾ ਹੱਕਦਾਰ ਹੈ ਅਤੇ ਉਹਨਾਂ ਤੋਂ ਅੱਗੇ ਨੂੰ ਹੋਰ ਵੀ ਵਧੀਆ ਪ੍ਰੋਗਰਾਮਾਂ ਦੀ ਸਭ ਨੂੰ ਆਸ ਹੈ। ■

ਸਫ਼ਾ 19 ਦੀ ਬਾਕੀ

ਆਪਣੀ ਹੋਸ਼ ਸੰਭਾਲਣ ਦੇ ਵੇਲੇ ਤੋਂ ਤੱਕਿਆ। ਉਂਝ ਵੇਲੇ-ਕੁਵੇਲੇ ਮੁੰਡਿਆਂ ਨੂੰ ਆਪਣੀ ਰਾਏ ਦੇ ਛੱਡਦਾ ਸੀ।

ਉਹ ਵੀ ਹਾਕਲ-ਬਾਕਲ ਜਿਆ ਹੋਇਆ ਸ਼ਹਿਰੋਂ ਆ ਗਿਆ। ਠੰਡੀ ਛਾਵੇਂ ਬਜ਼ੁਰੱਗ ਦੇ ਮੰਜੇ ਦੀ ਬਾਹੀ ਤੇ ਬੈਠਾ ਤਾਂ ਬਾਪੂ ਨੇ ਪੁਛਿਆ, "ਕੀ ਕਹਿੰਦੇ ਆ ਇਹ .....?"

ਗੁਆਂਢੀਆਂ ਦੇ ਰੇਡੀਉ ਵੱਜ ਰਿਹਾ ਸੀ ।......ਗਿਣਤੀ ਹੋ ਚੁਕੀ ਸੀ। ਜੇਤੂਆਂ ਦੇ ਨਾਂ ਦੱਸੇ ਜਾ ਰਹੇ ਸਨ। ਜਿਸ ਨੇ ਲੋਕਾਂ ਨੂੰ ਜ਼ਿਆਦਾ ਬੇਵਕੂਫ ਬਣਾਇਆ, ਉਹ ਜ਼ਿਆਦਾ ਮੱਲ ਮਾਰ ਗਿਆ ਸੀ। ਅਸਲ ਵਿਚ ਇਹ ਮੁਕਾਬਲਾ ਹੀ ਚਾਚੇ ਦੀ ਥਾਂ ਭਤੀਜਾ ਖੜਾ ਕਰਨ ਦਾ ਸੀ।

ਉਹ ਸਮਝ ਗਿਆ। ਬਾਪੂ ਗੁਆਂਢੀਆਂ ਦੇ ਰੇਡੀਉ ਤੋਂ ਆ ਰਹੀਆਂ ਖਬਰਾਂ ਦੀ ਗੱਲ ਕਰਦਾ ਹੈ।

"ਕੁਸ਼ ਨਈ......, ਭੌਂਕਦੇ ਈ ਆ।" ਉਸ ਨੇ ਉਦਾਸ ਜਿਹਾ ਹੋ ਕੇ ਕਿਹਾ। ਪਰ ਬਜ਼ੁਰੱਗ ਨੇ ਮੁਸਕਰਾ ਕੇ ਮੂੰਹ ਦੂਜੇ ਪਾਸੇ ਵੱਲ ਨੂੰ ਕਰ ਲਿਆ। ਹਵਾ ਚਲ ਪਈ ਸੀ। ਹੁਨਾਲ ਦੀ ਹਵਾ ਗਰਮ ਹੀ ਹੁੰਦੀ ਹੈ।

(Squamish, B. C.)

**SHAKTI GIFT**

6576 MAIN STREET,
VANCOUVER, B.C.

Where you can get all types of Real and Artificial Jewellery and all types of oriental designs can be made!

SALE AND REPAIRS OF WATCHES

Res. 327-8259 Bus. 321-6214

SPECIALIST IN EAST INDIAN JEWELLERY
GIFTWARE & REPAIRS

YOUR Independent Insurance AGENT "SERVES YOU FIRST"

Autoplan

AUTHORIZED AGENT

# KINGSGATE INSURANCE AGENCIES

## 104 KINGSGATE MALL
## 370 EAST BROADWAY VANCOUVER, B.C. V5T 4G5

★ Auto Insurance & License
★ Fire, Theft & Liability
★ Life, Accident & Sickness
★ Annuities & Pension Plans
★ Registered Retirement Savings Plans

OPEN FROM 9 A.M. – 9 P.M.
EVERY DAY
FOR THE MONTH OF FEBRUARY.



**SARAJ KHAN (V. President)**
Res: 112-785-5053
Fort St. John



**RIASAT ALI KHAN**
**(President)**
Res: 873-1969



**FAZAL KHAN (Manager)**
Res: 873-1969

– The deadline for renewal of Automobile Insurance and Licence is February 28, and we urge you to visit us NOW to avoid the last minute rush.
– If you do not receive your 1978 Renewal bring your 1977 Registration to us at no extra cost.
– We are located across from the Library in the Kingsgate Mall and for your convenience our office hours will be 9 A.M. to 9 P.M. every day for the month of February.
– LOTS OF FREE PARKING.
– If unable to come to our office, please phone and we'll arrange to pick up your RENEWAL.

We can also provide full glass coverage from $14 a year for most houses in the Lower Mainland. SO PHONE TODAY.

# Bus. Tel. 872-7827 or 874-2125

ਡੈਲਟਾ ਵਿੱਚ ਗਰੋਸਰੀ ਦੀ ਭਾਰੀ ਦੁਕਾਨ

# ਪੰਜਾਬ ਫੂਡ ਸਟੋਰ

1435 ਸਕਾਟ ਰੋਡ, ਡੈਲਟਾ

ਜਿਥੋਂ ਤੁਹਾਨੂੰ ਹਰ ਕਿਸਮ ਦੀ ਭਾਰਤੀ ਗਰੋਸਰੀ ਜਿਵੇਂ ਆਟਾ, ਦਾਲਾਂ, ਮਸਾਲੇ, ਤੇਲ, ਅਚਾਰ, ਬਦਾਮ ਤੇ ਹੋਰ ਬਹੁਤ ਕੁਝ ਬਹੁਤ ਸਸਤੇ ਭਾਅ ਮਿਲ ਸਕਦਾ ਹੈ।

ਤਾਜ਼ੀਆਂ ਸਬਜ਼ੀਆਂ, ਦੁੱਧ, ਮੱਖਣ ਤੇ ਹੋਰ ਡੈਲੀਕੇਟੀਅਨ ਗਰੋਸਰੀ ਵੀ ਮਿਲਦੀ ਹੈ।

ਗਾਣਿਆਂ ਦੀਆਂ 8-ਟਰੈਕ ਟੇਪਾਂ ਵੀ ਮਿਲਦੀਆਂ ਹਨ।

25 ਡਾਲਰ ਦੀ ਗਰੋਸਰੀ ਨਾਲ 6 ਕੱਪ ਫਰੀ
50 ਡਾਲਰ ਦੀ ਗਰੋਸਰੀ ਨਾਲ 12 ਕੱਪ ਫਰੀ

ਹੋਰ ਜਾਣਕਾਰੀ ਲਈ
ਦਰਸ਼ਨ ਦਿਓ ਜਾਂ ਫ਼ੋਨ ਕਰੋ!

ਫੋਨ: 588-4911



PHONE ANY TIME FOR
NEW & USED CARS and HALF TON TRUCKS



# MAJER SINGH DHALIWAL

CAR SALESMAN

ਨਵੀਂ ਜਾਂ ਪੁਰਾਣੀ ਕਾਰ, ਵੈਗਨ ਜਾਂ ਪਿਕਅੱਪ ਅਤੇ ਟਰੱਕ ਆਦਿਕ ਆਪਣੀ ਪਸੰਦ ਸਸਤੀਆਂ ਕੀਮਤਾਂ ਤੇ ਖਰੀਦਣ ਲਈ ਮੇਜਰ ਸਿੰਘ ਧਾਲੀਵਾਲ ਨੂੰ ਮਿਲੋ ਜੋ 641-LOUGHEED HWY. (NEAR LOUGHEED MALL) COQUITLAM, ਵਿਚ ਕਾਰ ਸੇਲਜ਼ਮੈਨ ਹਨ। ਵਧੇਰੇ ਵਾਕਫੀ ਲਈ ਘਰ 594-2838 ਤੇ ਫੋਨ ਕਰੋ। ਸ਼ੋਅਰੂਮ ਵਿਚ ਪੁੱਜਕੇ ਮੈਨੇਜਰ ਨੂੰ ਕਹੋ ਕਿ ਤੁਸੀਂ ਮੇਜਰ ਸਿੰਘ ਧਾਲੀਵਾਲ ਨੂੰ ਮਿਲਣਾ ਹੈ।

Bus.
937-7711



Res.
594-2838

GARY PONTIAC-BUICK & GMC LTD



Plan

# India Holidays

with

SAFEWAYS GROUPS

*For Instant Booking call collect:*

604-873-5631
604-873-4011

*We will arrange Canadian, Indian and Fijian passports.*

SAFEWAYS
TRAVEL AGENCY LTD.

*1391 Kingway Vancouver, B.C. V5V 3E3*



For free consultation and professional advice in buying, selling or trading any type of real estate contact any time

OFFICE
324-3888
RES.
434-4060



# MANJEET S. BHATTI

LOVE ROCK REALTY
5316 Victoria Drive,
Vancouver, B.C.

FOR ANY KIND OF

# PHOTOGRAPHY

REMEMBER

# SANDEEP STUDIO

CALL

HARCHARAN SINGH JHUTEE

**435-3634**

THINKING OF TRAVEL?

WE CAN SAVE YOU MONEY, TIME AND TROUBLE

GROUPS – CHARTER – EXCURSION

PAY LATER

SPECIAL IMMIGRANT FARES AVAILABLE

# GOYAL TRAVELS

4160 FRASER STREET, VANCOUVER 10, B.C.

PHONE: 872-7658

ASSOCIATE OFFICES:

1. Opposite Nehru Garden, Jullundur City
2. Near Courts Moga (India) – Phone 2798
3. Near Courts Jagraon (India) – Phone 252
4. Bhagat Singh Chowk, Sadar Bazaar Barnala, (India). Phone 555

## NEED ANY KIND OF MORTGAGE

**WHY PAY A BONUS?**

**LOW BROKERAGE FEES**

1st from 10¼%, 2nd from 12½%. Builders Interim at 17%.

Apartments: 1st 10½%, 2nd 13%.

We serve investor clients.

Existing mortgages and agreements for sale purchased.

ਅੱਜ ਤੋਂ ਬਾਅਦ ਤੁਹਾਨੂੰ ਪੈਸੇ ਬਾਰੇ ਕਿਸੇ ਕਿਸਮ ਦਾ ਫ਼ਿਕਰ ਕਰਨ ਦੀ ਲੋੜ ਨਹੀਂ
ਤੁਸੀਂ ਕੋਈ ਚੀਜ਼ ਖਰੀਦਣੀ ਹੈ, ਘਰ ਦੀ ਮੁਰੰਮਤ ਕਰਨੀ ਹੈ ਜਾਂ ਹੋਰ ਕਿਸੇ
ਕਿਸਮ ਦਾ ਖਰਚ ਤੁਹਾਡੇ ਸਿਰ ਖੜਾ ਹੈ ਤਾਂ ਅਸੀਂ ਤੁਰੰਤ ਹੀ ਤੁਹਾਡੀ
ਸਮੱਸਿਆ ਹੱਲ ਕਰ ਸਕਦੇ ਹਾਂ।

Call Mrs. T. Sandhu 271-1962,
736-2551 (24 hrs.)

## HAMPSHIRE INVESTMENTS LTD.

## ਡਾ. ਗੇਬ੍ਰੀਅਲ ਯੌਂਗ & ਐਸੋਸਿਏਟਸ

201 - 6445 ਫਰੇਜ਼ਰ ਸਟ੍ਰੀਟ
ਵੈਨਕੂਵਰ, ਬੀ.ਸੀ. ਫੋਨ ਨੰ: 324-7375

ਸਾਡੇ ਆਫਿਸ ਵਿੱਚ ਹਿੰਦੀ, ਪੰਜਾਬੀ, ਉਰਦੂ
ਬੋਲਣ ਵਾਲੀ ਰਿਸੈਪਸ਼ਨਿਸਟ (receptionist)
ਦੀ ਮਦਦ ਨਾਲ ਆਪਣੀ ਬੀਮਾਰੀ ਜਾਂ
ਤਕਲੀਫ ਬਾਰੇ ਤੁਸੀਂ ਡਾਕਟਰ ਨਾਲ ਆਸਾਨੀ
ਨਾਲ, ਖੁਲ੍ਹਕੇ ਗਲਬਾਤ ਕਰ ਸਕਦੇ ਹੋ।
ਇਥੇ ਆਮ ਅਤੇ ਆਪਣੀ ਤਕਲੀਫਾਂ ਅਤੇ
ਬੀਮਾਰੀਆਂ ਦਾ ਇਲਾਜ ਹੁੰਦਾ ਹੈ।

ਆਫਿਸ ਦੇ ਖੁਲ੍ਹਣ ਦਾ ਸਮਾਂ:
ਸੋਮਵਾਰ ਤੋਂ ਸ਼ੁਕਰਵਾਰ : 9:00 am - 5:30 p.m.
ਸ਼ਨਿਚਰਵਾਰ : 9:00 am - 12:30 ਨੂਨ

DR. GABRIEL YONG & ASSOCIATES
201 - 6445 FRASER ST., VAN. B.C.

# Saaz Aur Sangeet CJJC

## – RADIO PROGRAM – 800 AM

## EVERY Tuesday from 9:00 to 10:00 P.M.

*Chohan Enterprises*

6684 MAIN STREET, VANCOUVER, B. C.

**327-4911**

*Samra Bros.*

8320 SCOTT ROAD, DELTA, B. C.

**581-2919**

# U-DAY APPLIANCE REPAIRS

ਕੀ ਘਰ ਵਿੱਚ ਕੋਈ ਬਹੁਤ ਜ਼ਰੂਰੀ ਬਿਜਲੀ-ਮਸ਼ੀਨ:
* ਫਰਿੱਜ
* ਸਟੋਵ
* ਡਰਾਇਰ
* ਵਾਸ਼ਰ

ਖ਼ਰਾਬ ਹੋਣ ਕਰਕੇ ਨਾ-ਖੁਸ਼ ਹੋ? ਮੁਰੰਮਤ ਲਈ ਫੋਨ ਕਰੋ:

ਉਦੈ ਕੋਰੋਟਾਣਾ
522-7347

FRIDGES, FREEZES, RANGES, WASHERS & DRYERS

• MOST RELIABLE SERVICE •
at
• REASONABLE RATES •

Ask for UDAY KOROTANA — Phone 522-7347

810 - 20th St. — Bus. 521-5517
New Westminster

# RAI CONSTRUCTION LTD.

**7196 KNIGHT, VANCOUVER, B.C.**

PROFESSIONAL

## In dry walls

**WE DO BASEMENT FINISHING, ALTERATIONS, ADD A ROOM OR RENOVATIONS!**

**Guaranteed Low Rates For Professional Service**
**Contact:**

**ROGER** — **321-9711** — **327-1683**

ਕੰਮ ਛੇਤੀ ਤੇ ਤੁਹਾਡੀ ਤਸੱਲੀ ਨਾਲ ਕੀਤਾ ਜਾਂਦਾ ਹੈ।

# Kuldip Singh Jhand

**CARS SALESMAN,**

**FOR New & Used CARS • TRUCKS • VANS**

ਹਰ ਪਰਕਾਰ ਦੀ ਕਾਰ ਖਰੀਦਨ ਜਾਂ ਟਰੇਡ ਕਰਨੀ ਹੋਵੇ ਤਾਂ ਕੁਲਦੀਪ ਝੰਡ ਨੂੰ ਕਾਰ ਖਰੀਦਣ ਤੋਂ ਪਹਿਲਾਂ ਜ਼ਰੂਰ ਮਿਲੋ ਜਾਂ ਫੂਨ ਕਰੋ।



*Kuldip Singh*

**McLENNAN MOTORS LTD.**

Res. 524-4137

Bus. 521-4844

3rd Ave. & Stewardson Way, NEW Westminster

McLENNAN — MERCURY

Buying, selling or trading berry farms, homes, and for any other type of real estate need contact:

# Block Bros. Realty Ltd.

**32641 South Fraser Way, Abbotsford**
**853-6411 – Direct Line 524-2215**




## SUKHDEV SAHOTA M.A.

RES.: 859-5619

# *Remember When . . .*

There was a time when Sun Life simply handled life insurance. Times have changed and so have we. Today with so many types of insurance available, you have to be knowledgeable to choose the one just right for you. I'd like to help you make that choice. Let me use my knowledge and experience to help you with your personal financial planning. Call me today, and you'll see why personal service is my assurance of satisfied customers.



MOHINDAR S. GILL, B.COMM., M.B.A., C.G.A.

VANCOUVER ROYAL CENTRE BRANCH
SUN LIFE ASSURANCE COMPANY OF CANADA
730 - 1055 W. GEORGIA ST.
VANCOUVER 5, B.C.

**Please send me complete information on the above Sun Life Plan. I understand there is no obligation.**

**Name** ..................

**Address** ..................

**City** ..................

**Province** ..................

**Get your life in shape.**
**SUN LIFE**
OF CANADA

**Telephone: Off: 682-8441**
**Res: 433-1684**

# H & S CONSTRUCTIONS (LTD)

*SPECIALIZING IN*

**Drywalling, filling, taping, spraytex new & old ceilings**

also

**Remodelling & finishing basement suites**

ਡ੍ਰਿਪਾਲ ਦਾ ਹਰ ਪ੍ਰਕਾਰ ਦਾ ਕੰਮ
ਨਵੀਆਂ ਤੇ ਪੁਰਾਣੀਆਂ ਛੱਤਾਂ ਦੀ ਸਪਰੇਅ
ਅਤੇ
ਬੇਸਮੈਂਟ ਬਨਾਉਣ ਦਾ ਤਸੱਲੀਬਖਸ਼ ਕੰਮ ਘੱਟ
ਕੀਮਤਾਂ ਤੇ ਕੀਤਾ ਜਾਂਦਾ ਹੈ।

ਹਰ ਕਿਸਮ ਦੀ ਪੁੱਛ ਗਿੱਛ ਲਈ ਫੂਨ ਕਰੋ।

MALKIT SOHAL ਮਲਕੀਤ ਸੋਹਲ

**Telephone 324-4106**

***BUYING AND SELLING ANY TYPE OF PROPERTY?***

***FOR EXPERIENCED AND PROFESSIONAL ADVICE CONTACT:***

**RES.:**
**524-5276**

**OFF.:**
**872-0131**

ਰੀਅਲ ਇਸਟੇਟ ਵਿੱਚ
ਤੁਹਾਡੇ ਸਹਾਇਕ:
ਨਾਇਬ ਬਰਾੜ



# NAIB S. BRAR

**MARS REALTY**

**1437 Kingsway**
**Vancouver, B.C.**

WATNO DUR
P.O. Box 67681 Stn. "O"
Vancouver, B.C. V5W 3V2

# ਫਰੰਟੀਅਰ ਕਲਾਥ ਹਾਊਸ

## WE HAVE QUALITY......
## AS WELL AS QUANTITY

**SPECIALISTS IN:**

* INDIAN SUITS
* SAREES, LEHNGAS
* CAPES, HARS
* AND OTHER INDIAN GOODS
* JAPANESE PRINTS
* PLAIN SAREES
* SUITS
* DRAPES

FRONTIER SAREES

HEAD OFFICE: NEW FRONTIER CLOTH HOUSE
PHAGWARA (PANJAB)
INDIA

Phone 2375

# FRONTIER CLOTH HOUSE

## 6672 MAIN STREET VANCOUVER, B.C.

**Manager Vancouver Branch:**
**SUSHIL BATRA**

**Phones:** **Bus. 325-4424**
**Res. 324-5156**

WATNO DUR (Far from the Motherland) is a literary and cultural monthly of PANJABI language – the mother-tongue of East Panjab (India) and West Panjab (Pakistan) – published by WATNO DUR PUBLICATIONS (Reg'd). WATNO DUR has been serving Canadian readers since July, 1973. The contributors include well-known Panjabi writers from Canada, India, Pakistan and England.